ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

# ਸਾਂਝੀ ਸੋਚ

SANJHI SOCH HD

ਸਾਂਝੀ ਸੋਚ

ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2546 5 August, 2026 Wednesday www.sanjhisoch.com ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ +1 (209) 303-1260

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511


# ਅਗਲੀ ਰਾਸ਼ਟਰਪਤੀ ਚੋਣ ਲੜਨ ਬਾਰੇ ਅਜੇ ਮੈ ਕੋਈ ਫੈਸਲਾ ਨਹੀਂ ਲਿਆ-ਹੈਰਿਸ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ

ਕਮਲਾ ਹੈਰਿਸ ਨੇ ਡੈਮੋਕ੍ਰੇਟਸ ਨੂੰ ਅਗਲੇ ਸਾਲ ਹੋਣ ਵਾਲੀਆਂ ਮੱਧਕਾਲੀ ਚੋਣਾਂ ਲਈ ਰਿਕਾਰਡ ਗਿਣਤੀ ਵਿੱਚ ਵੋਟਰਾਂ ਨੂੰ ਲਾਮਬੰਦ ਕਰਨ ਦੀ ਅਪੀਲ ਕੀਤੀ ਤੇ ਕਿਹਾ ਕਿ ਭਾਰੀ ਵੋਟਿੰਗ ਮੱਤਦਾਤਾ ਨੂੰ ਅਖੋਂ ਪਰੋਖੇ ਕਰਨ ਦੀਆਂ ਕੋਸ਼ਿਸ਼ਾਂ ਦਾ ਠੋਸ ਜਵਾਬ ਹੋਵੇਗਾ ਨੈਸ਼ਵਿਲ ਵਿੱਚ ਨੈਸ਼ਨਲ ਅਰਬਨ ਲੀਗ ਦੇ ਸਾਲਾਨਾ ਸੰਮੇਲਨ ਵਿੱਚ ਬੋਲਦੇ ਹੋਏ, ਸਾਬਕਾ ਉਪ ਰਾਸ਼ਟਰਪਤੀ ਨੇ ਵੋਟਰ ਰਜਿਸਟਰੇਸ਼ਨ, ਪੋਲਿੰਗ ਸਥਾਨਾਂ ਦੀ ਜਾਂਚ ਅਤੇ ਭਾਰੀ ਮੱਤਦਾਨ ਉਪਰ ਵਾਰ ਵਾਰ ਜੋਰ ਦਿੱਤਾ ਉਨਾਂ ਕਿਹਾ ਕਿ ਸਾਨੂੰ ਹੁਣ ਲੋਕਾਂ ਨੂੰ ਦੱਸਣਾ ਪਵੇਗਾ ਕਿ ਉਹ ਆਪਣੀ ਵੋਟਰ ਵਜੋਂ ਰਜਿਸਟਰੇਸ਼ਨ ਸਥਿਤੀ ਦੀ ਜਾਂਚ ਕਰਨ ਤੇ ਉਹ ਇਹ ਗੱਲ ਯੀਕੀਨੀ ਬਣਾਉਣ ਕਿ ਉਨਾਂ ਦੇ ਨਾਮ ਵੋਟਰ ਸੂਚੀਆਂ ਤੋਂ ਗਲਤ ਢੰਗ ਨਾਲ ਨਹੀਂ ਹਟਾਏ ਗਏ ਹਨ ਵੋਟਰ ਆਪਣੇ ਪੋਲੰਗ ਸਥਾਨਾਂ ਦੀ ਪੁਸ਼ਟੀ ਕਰਨ ਕਿਉਂਕ ਚੋਣ ਅਧਿਕਾਰੀ ਵੋਟਿੰਗ ਸਥਾਨਾਂ ਨੂੰ ਤਬਦੀਲ ਕਰ ਸਕਦੇ ਹਨ। ਹਮਲਾਵਰ ਵੋਟਰ ਲਾਮਬੰਦੀ ਯਤਨਾਂ ਉਪਰ ਜੋਰ ਦਿੰਦਿਆਂ ਹੈਰਿਸ ਨੇ ਕਿਹਾ ਕਿ ਸਾਡੇ ਵਿਰੋਧੀ ਬੇਰਹਿਮ ਹਨ ਇਸ ਲਈ ਸਾਨੂੰ ਵੀ ਬੇਰਹਿਮ ਬਣਨਾ ਪਵੇਗਾ ਉਨਾਂ ਕਿਹਾ ਕਿ ਇਸ ਵੇਲੇ ਉਨਾਂ ਦਾ ਧਿਆਨ 2026 ਦੀਆਂ ਮੱਧਕਾਲੀ ਚੋਣਾਂ 'ਤੇ ਕੇਂਦ੍ਰਿਤ ਹੈ ਅਤੇ ਅਜੇ ਤੱਕ ਮੈ ਇਹ ਫੈਸਲਾ ਨਹੀਂ ਕੀਤਾ ਕਿ 2028 ਵਿੱਚ ਰਾਸ਼ਟਰਪਤੀ ਅਹੁਦੇ ਦੀ ਚੋਣ ਲੜੇਗੀ ਜਾਂ ਨਹੀਂ ਇਸ ਤੋਂ ਇਲਾਵਾ, ਹੈਰਿਸ ਨੇ ਕਈ ਪ੍ਰਗਤੀਸ਼ੀਲ ਪ੍ਰਸਤਾਵਾਂ ਦੀ ਗੱਲ ਕੀਤੀ ਜਿਨਾਂ ਵਿੱਚ ਅਮਰੀਕੀ ਸੁਪਰੀਮ ਕੋਰਟ ਦਾ ਵਿਸਥਾਰ ਕਰਨਾ, ਇਲੈਕਟੋਰਲ ਕਾਲਜ ਨੂੰ ਮੁੜ ਵਿਚਾਰਨਾ ਅਤੇ ਵਾਸ਼ਿੰਗਟਨ, ਡੀ.ਸੀ. ਤੋਂ ਇਲਾਵਾ ਪੋਰਟੋ ਰੀਕੋ ਨੂੰ ਰਾਜ ਦਾ ਦਰਜਾ ਦਿਵਾਉਣਾ ਸ਼ਾਮਲ ਹਨ।



Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com



RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor®
ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

# ਜੰਗਲ ਨੂੰ ਲੱਗੀ ਭਿਆਨਕ ਅੱਗ 'ਚ 700 ਇਮਾਰਤਾਂ ਤੇ ਹਜਾਰਾਂ ਏਕੜ ਰਕਬਾ ਸੜਿਆ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ

ਵਾਸ਼ਿੰਗਟਨ ਦੇ ਸਪੋਕੇਨ ਕਾਉਂਟੀ ਵੱਚ ਜੰਗਲ ਨੂੰ ਅੱਗ ਲੱਗਣ ਕਾਰਨ ਹਾਲਾਤ ਬਹੁਤ ਮਾੜੇ ਬਣੇ ਹੋਏ ਹਨ ਤੇ ਹੁਣ ਤੱਕ ਲਗਭਗ 65000 ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ ਹੈ ਤਿੰਨਾਂ ਥਾਵਾਂ 'ਤੇ ਅੱਗ ਲੱਗੀ ਹੈ ਜਿਸ ਉਪਰ ਕਾਬੂ ਪਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ ਅਧਿਕਾਰੀਆਂ ਅਨੁਸਾਰ ਕਿਸੇ ਦੇ ਜ਼ਖਮੀ ਹੋਣ ਜਾਂ ਮੌਤ ਦੀ ਪੁਸ਼ਟੀ ਨਹੀਂ ਹੋਈ ਹੈ, ਪਰੰਤੂ ਅਜੇ ਪੂਰੀ ਤਰ੍ਹਾਂ ਮੁਲਾਂਕਣ ਕਰਨ ਵਿੱਚ ਸਮਾਂ ਲੱਗੇਗਾ। ਅੱਗ ਬੁਝਾਉਣ ਦੀਆਂ ਕੋਸ਼ਿਸ਼ਾਂ ਦਰਮਿਆਨ 700 ਤੋਂ ਵੱਧ ਇਮਾਰਤਾਂ ਤਬਾਹ ਹੋ ਗਈਆਂ ਹਨ ਅਤੇ ਸ਼ਨੀਵਾਰ ਨੂੰ ਲੱਗੀ ਅੱਗ 'ਚ 8000 ਏਕੜ ਤੋਂ ਵੱਧ ਰਕਬਾ ਸੜ ਗਿਆ ਹੈ। ਅਧਿਕਾਰੀਆਂ ਅਨੁਸਾਰ ਇਸ ਸਾਲ ਜਲਵਾਯੂ ਸੰਕਟ ਕਾਰਨ ਵਾਸ਼ਿੰਗਟਨ ਵਿੱਚ ਸਤਾਰਾਂ ਵੱਡੀਆਂ ਅੱਗਾਂ ਨੇ 2,60,000 ਏਕੜ ਤੋਂ ਵੱਧ ਜੰਗਲ ਨੂੰ ਸਾੜ ਦਿੱਤਾ ਹੈ। ਓਰੇਗਨ ਵਿੱਚ ਜੰਗਲੀ ਅੱਗਾਂ ਨੇ 20 ਲੱਖ ਏਕੜ ਰਕਬੇ ਨੂੰ ਸਾੜ ਦਿੱਤਾ ਹੈ ਤੇ ਰਾਜ ਦੇ ਪਿਛਲੇ ਜੰਗਲੀ ਅੱਗਾਂ ਦੇ ਰਿਕਾਰਡ ਨੂੰ ਤੋੜ ਦਿੱਤਾ ਹੈ।

LAMBA VIDEO
★ Weddings ★ Birthdays ★ Photo Shoots
HD Quality Wedding Videos
Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

Space availabe for Ad
Contact #
+1 (209) 303-1260

Space available for Ad
Contact # +1 (209) 303-1260
Contact # +91 81463-20009

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Ph: (414) 551-0530
Simranveer Singh
Realtor
The JRP Group
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com www.thepalfilms.com

# JRP REALTY GROUP

A TRADITION OF REAL ESTATE EXCELLENCE

**SERVING CALIFORNIA FOR COMMERCIAL REAL ESTATE NEEDS**

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS
Elevating Your Mortgage Experience

## Home Loan ਘਰਾਂ ਦੇ ਲੋਨ


- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



Apply online at www.lendingassets.com and check out the live lowest rates on our website


OPEN
OPEN
NOW HIRING
NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria
MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ

www.sanjhisoch.com

**PATTRON**: HARJIT BASI

**MANAGEMENT**



**PRESIDENT & CHIEF EDITOR**
**BOOTA SINGH BASI**

**SUB EDITOR (CHICAGO, IL OFFICE)**
**LOVJYOT VIRDI**

**GENERAL MANAGER**
**RAVINDER SINGH DHILLON**

**RESIDENT EDITOR (INDIA)**
**DR. RAJINDER RIKHI**

**DISCLAIMER**

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

**SANJHI SOCH**

DAILY NEWSPAPER

2601 Oakdale Road,
Suite H2-167 Modesto,
CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਇੱਕ ਸੋਚ ਦੀ ਸ਼ੁਰੂਆਤ ਬਦਲੇ ਦੇਸ਼ ਦੀ ਨੁਹਾਰ

ਕੁਲਬੀਰ ਸ਼ਰਮਾ
ਪਿੰਡ ਅਤੇ ਡਾਕ: ਝਬੇਲਵਾਲੀ
ਸ੍ਰੀ ਮੁਕਤਸਰ ਸਾਹਿਬ, ਪੰਜਾਬ
8427212104



ਹਰ ਸਾਲ ਜਦੋਂ ਅਸੀਂ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿੱਚ ਘੁੰਮਣ-ਫਿਰਨ, ਪੜ੍ਹਾਈ ਕਰਨ, ਰੁਜ਼ਗਾਰ ਜਾਂ ਵਪਾਰ ਦੇ ਸਿਲਸਿਲੇ ਵਿੱਚ ਜਾਂਦੇ ਹਾਂ, ਤਾਂ ਉੱਥੋਂ ਦੇ ਪ੍ਰਦੂਸ਼ਣ-ਰਹਿਤ ਤੇ ਸ਼ਾਂਤਮਈ ਮਾਹੌਲ, ਸਾਫ਼-ਸਫ਼ਾਈ, ਹਰਿਆਲੀ ਨਾਲ ਭਰੇ ਪਾਰਕ, ਸੁਚੱਜੀ ਆਵਾਜਾਈ ਪ੍ਰਣਾਲੀ ਅਤੇ ਉੱਚ ਦਰਜੇ ਦੀ ਸੁੰਦਰਤਾ ਨੂੰ ਦੇਖ ਕੇ ਪ੍ਰਭਾਵਿਤ ਹੁੰਦੇ ਹਾਂ। ਉੱਥੋਂ ਦੇ ਵਾਤਾਵਰਣ ਵਿੱਚ ਰਚੀ ਸਕਾਰਾਤਮਕ ਊਰਜਾ ਸਾਨੂੰ ਇੱਕ ਵੱਖਰਾ ਹੀ ਸਕੂਨ ਮਹਿਸੂਸ ਕਰਵਾਉਂਦੀ ਹੈ। ਇਸੇ ਕਰਕੇ ਜਦੋਂ ਅਸੀਂ ਵਾਪਸ ਆਪਣੇ ਦੇਸ਼ ਪਰਤਦੇ ਹਾਂ, ਤਾਂ ਆਪਣੇ ਦੋਸਤਾਂ-ਮਿੱਤਰਾਂ ਅਤੇ ਪਰਿਵਾਰਕ ਮੈਂਬਰਾਂ ਸਾਹਮਣੇ ਉੱਥੋਂ ਦੀ ਸੁੰਦਰਤਾ ਦੀਆਂ ਖੁੱਲ੍ਹ ਕੇ ਤਾਰੀਫ਼ਾਂ ਕਰਦੇ ਹਾਂ।

ਇਸ ਸਭ ਤੋਂ ਬਾਅਦ ਸਾਡੇ ਮਨ ਵਿੱਚ ਇਹ ਖ਼ਿਆਲ ਆਉਣਾ ਸੁਭਾਵਿਕ ਹੈ ਕਿ ਕਾਸ਼ ਸਾਡਾ ਦੇਸ਼, ਸਾਡਾ ਪੰਜਾਬ, ਸਾਡਾ ਸ਼ਹਿਰ ਅਤੇ ਸਾਡਾ ਪਿੰਡ ਵੀ ਇੰਨਾ ਹੀ ਸਾਫ਼-ਸੁਥਰਾ, ਅਨੁਸ਼ਾਸਿਤ ਅਤੇ ਖ਼ੂਬਸੂਰਤ ਹੋਵੇ। ਫਿਰ ਅਸੀਂ ਆਪਣੇ ਦੇਸ਼ ਦੀ ਤੁਲਨਾ ਉਨ੍ਹਾਂ ਵਿਕਸਤ ਦੇਸ਼ਾਂ ਨਾਲ ਕਰਨੀ ਸ਼ੁਰੂ ਕਰ ਦਿੰਦੇ ਹਾਂ ਅਤੇ ਅਕਸਰ ਸਾਰੀਆਂ ਕਮੀਆਂ ਦਾ ਦੋਸ਼ ਸਰਕਾਰਾਂ ਅਤੇ ਪ੍ਰਸ਼ਾਸਨ ਦੇ ਸਿਰ ਮੜ੍ਹ ਕੇ ਆਪਣੀ ਸੋਚ ਨੂੰ ਉੱਥੇ ਹੀ ਖ਼ਤਮ ਕਰ ਦਿੰਦੇ ਹਾਂ।

ਪਰ ਅਸਲ ਸਵਾਲ ਤਾਂ ਇੱਥੋਂ ਹੀ ਸ਼ੁਰੂ ਹੁੰਦਾ ਹੈ। ਜੇ ਅਸੀਂ ਆਪਣੇ ਦੇਸ਼ ਦੀ ਤੁਲਨਾ ਵਿਕਸਤ ਦੇਸ਼ਾਂ ਨਾਲ ਕਰ ਸਕਦੇ ਹਾਂ, ਉਨ੍ਹਾਂ ਦੀਆਂ ਸਰਕਾਰਾਂ ਅਤੇ ਕਾਨੂੰਨਾਂ ਦੀ ਤੁਲਨਾ ਆਪਣੀ ਸਰਕਾਰ ਅਤੇ ਕਾਨੂੰਨਾਂ ਨਾਲ ਕਰ ਸਕਦੇ ਹਾਂ, ਤਾਂ ਫਿਰ ਆਪਣੀ ਤੁਲਨਾ ਉਨ੍ਹਾਂ ਦੇਸ਼ਾਂ ਦੇ ਨਾਗਰਿਕਾਂ ਨਾਲ ਕਿਉਂ ਨਹੀਂ ਕਰਦੇ?

ਕੀ ਸਾਡੀਆਂ ਆਦਤਾਂ ਉਨ੍ਹਾਂ ਜਾਗਰੂਕ ਨਾਗਰਿਕਾਂ ਵਰਗੀਆਂ ਹਨ? ਕੀ ਅਸੀਂ ਆਪਣੇ ਫ਼ਰਜ਼ਾਂ ਨੂੰ ਉੱਨੇ ਹੀ ਇਮਾਨਦਾਰੀ ਅਤੇ ਜ਼ਿੰਮੇਵਾਰੀ ਨਾਲ ਨਿਭਾਉਂਦੇ ਹਾਂ? ਕੀ ਅਸੀਂ ਜਨਤਕ ਸੰਪਤੀ ਦੀ ਸੰਭਾਲ ਆਪਣੀ ਸੰਪਤੀ ਵਾਂਗ ਕਰਦੇ ਹਾਂ? ਕੀ ਅਸੀਂ ਟ੍ਰੈਫਿਕ ਅਤੇ ਸਫ਼ਾਈ ਦੇ ਨਿਯਮਾਂ ਨੂੰ ਉਸੇ ਗੰਭੀਰਤਾ ਨਾਲ ਲੈਂਦੇ ਹਾਂ?

ਕਿਸੇ ਵੀ ਦੇਸ਼ ਦੀ ਤਰੱਕੀ ਸਿਰਫ਼ ਵੱਡੀਆਂ ਇਮਾਰਤਾਂ, ਆਧੁਨਿਕ ਸਹੂਲਤਾਂ ਜਾਂ ਚੌੜੀਆਂ ਸੜਕਾਂ ਨਾਲ ਨਹੀਂ ਹੁੰਦੀ। ਦੇਸ਼ ਨੂੰ ਅਸਲ ਵਿੱਚ ਉਸ ਦੇ ਜਾਗਰੂਕ ਅਤੇ ਜ਼ਿੰਮੇਵਾਰ ਨਾਗਰਿਕ ਮਹਾਨ ਬਣਾਉਂਦੇ ਹਨ। ਜੇ ਲੋਕ ਆਪਣੇ ਫ਼ਰਜ਼ ਸਮਝਣ, ਨਿਯਮਾਂ ਦੀ ਪਾਲਣਾ ਕਰਨ ਅਤੇ ਆਪਣੇ ਦੇਸ਼ ਨੂੰ ਆਪਣਾ ਘਰ ਸਮਝਣ, ਤਾਂ ਉਸ ਦੇਸ਼ ਨੂੰ ਅੱਗੇ ਵਧਣ ਤੋਂ ਕੋਈ ਨਹੀਂ ਰੋਕ ਸਕਦਾ।

ਜੇ ਅਸੀਂ ਸੱਚਮੁੱਚ ਆਪਣੇ ਦੇਸ਼ ਨੂੰ ਬਦਲਦਾ ਦੇਖਣਾ ਚਾਹੁੰਦੇ ਹਾਂ, ਤਾਂ ਸਭ ਤੋਂ ਪਹਿਲਾਂ ਸੁਧਾਰ ਦੀ ਸ਼ੁਰੂਆਤ ਸਾਨੂੰ ਆਪਣੇ ਆਪ ਤੋਂ ਹੀ ਕਰਨੀ ਪਵੇਗੀ। ਆਪਣੇ ਆਪ ਨੂੰ ਬਦਲਣ ਲਈ ਤਿਆਰ ਹੋਣਾ ਪਵੇਗਾ। ਸਾਨੂੰ ਉਨ੍ਹਾਂ ਦੇਸ਼ਾਂ ਦੇ ਫ਼ਰਜ਼ਸ਼ਨਾਸ ਨਾਗਰਿਕਾਂ ਦੀ ਸੋਚ ਨੂੰ ਅਪਣਾਉਣਾ ਹੋਵੇਗਾ ਅਤੇ ਆਪਣੇ ਰੋਜ਼ਾਨਾ ਦੇ ਜੀਵਨ ਵਿੱਚ ਛੋਟੀਆਂ-ਛੋਟੀਆਂ ਚੰਗੀਆਂ ਆਦਤਾਂ ਨੂੰ ਥਾਂ ਦੇਣੀ ਹੋਵੇਗੀ। "ਇੱਕ ਮੇਰੇ ਸੁਧਰਨ ਨਾਲ ਕੀ ਫ਼ਰਕ ਪਵੇਗਾ" ਜਾਂ "ਮੈਨੂੰ ਕੀ ਲੋੜ ਹੈ" ਵਰਗੀ ਆਲਸੀ ਅਤੇ ਨਕਾਰਾਤਮਕ ਮਾਨਸਿਕਤਾ ਨੂੰ ਪੂਰੀ ਤਰ੍ਹਾਂ ਤਿਆਗਣਾ ਹੋਵੇਗਾ। ਅਜਿਹੇ ਕਈ ਛੋਟੇ-ਛੋਟੇ ਕਦਮਾਂ ਨਾਲ ਅਸੀਂ ਵੀ ਆਪਣੇ ਦੇਸ਼ ਦੀ ਨੁਹਾਰ ਬਦਲ ਸਕਦੇ ਹਾਂ।

ਸਾਡਾ ਸਭ ਤੋਂ ਪਹਿਲਾ ਨਾਗਰਿਕ ਫ਼ਰਜ਼ ਇਹ ਹੈ ਕਿ ਅਸੀਂ ਸਫ਼ਾਈ ਨੂੰ ਕੇਵਲ ਆਪਣੇ ਘਰ ਦੀਆਂ ਬਰੂਹਾਂ ਤੱਕ ਸੀਮਤ ਨਾ ਰੱਖੀਏ, ਸਗੋਂ ਪੂਰੇ ਸ਼ਹਿਰ, ਗਲੀ, ਪਾਰਕਾਂ ਅਤੇ ਸਰਕਾਰੀ ਥਾਵਾਂ ਨੂੰ ਆਪਣੇ ਘਰ ਦਾ ਵੇਹੜਾ ਸਮਝੀਏ। ਜਦੋਂ ਅਸੀਂ ਚਾਕਲੇਟ ਦਾ ਰੈਪਰ, ਖਾਲੀ ਲਿਫ਼ਾਫ਼ਾ ਜਾਂ ਪਲਾਸਟਿਕ ਦੀ ਬੋਤਲ ਸੜਕ 'ਤੇ ਸੁੱਟਣ ਦੀ ਥਾਂ ਉਸ ਨੂੰ ਉਦੋਂ ਤੱਕ ਆਪਣੀ ਜੇਬ ਜਾਂ ਬੈਗ ਵਿੱਚ ਰੱਖਣ ਦੀ ਸਮਝਦਾਰੀ ਦਿਖਾਵਾਂਗੇ, ਜਦੋਂ ਤੱਕ ਕੋਈ ਕੂੜੇਦਾਨ ਨਾ ਮਿਲੇ, ਤਾਂ ਸਾਡੇ ਦੇਸ਼ ਦੀ ਸਫ਼ਾਈ ਦਾ ਅੱਧਾ ਮਸਲਾ ਆਪਣੇ ਆਪ ਹੱਲ ਹੋ ਜਾਵੇਗਾ।

ਇਸ ਦੇ ਨਾਲ ਹੀ, ਸੜਕੀ ਆਵਾਜਾਈ ਵਿੱਚ ਅਨੁਸ਼ਾਸਨ ਬਣਾਏ ਰੱਖਣਾ ਸਾਡਾ ਮੁੱਢਲਾ ਫ਼ਰਜ਼ ਹੈ। ਟ੍ਰੈਫਿਕ ਨਿਯਮਾਂ ਦੀ ਪਾਲਣਾ ਸਿਰਫ਼ ਜੁਰਮਾਨੇ ਦੇ ਡਰ ਕਰਕੇ ਨਹੀਂ, ਸਗੋਂ ਆਪਣੀ ਅਤੇ ਦੂਜਿਆਂ ਦੀ ਜ਼ਿੰਦਗੀ ਪ੍ਰਤੀ ਜ਼ਿੰਮੇਵਾਰੀ ਸਮਝ ਕੇ ਕਰਨੀ ਚਾਹੀਦੀ ਹੈ। ਐਂਬੂਲੈਂਸ, ਫਾਇਰ ਬ੍ਰਿਗੇਡ ਅਤੇ ਹੋਰ ਐਮਰਜੈਂਸੀ ਸੇਵਾਵਾਂ ਨੂੰ ਤੁਰੰਤ ਰਸਤਾ ਦੇਣਾ ਸਿਰਫ਼ ਇੱਕ ਨਿਯਮ ਨਹੀਂ, ਸਗੋਂ ਸਾਡੀ ਮਾਨਵਤਾ, ਸੰਵੇਦਨਸ਼ੀਲਤਾ ਅਤੇ ਜ਼ਿੰਮੇਵਾਰ ਨਾਗਰਿਕ ਹੋਣ ਦੀ ਪਹਿਚਾਣ ਹੈ।

ਸਰਕਾਰੀ ਬੱਸਾਂ, ਰੇਲ ਗੱਡੀਆਂ, ਰੇਲਵੇ ਸਟੇਸ਼ਨ, ਸਕੂਲ, ਹਸਪਤਾਲ, ਪਾਰਕ, ਸੜਕਾਂ ਅਤੇ ਇਤਿਹਾਸਕ ਵਿਰਾਸਤਾਂ ਸਾਡੇ ਸਾਰਿਆਂ ਦੀ ਸਾਂਝੀ ਸੰਪਤੀ ਹਨ, ਜੋ ਸਾਡੇ ਹੀ ਟੈਕਸ ਦੇ ਪੈਸਿਆਂ ਨਾਲ ਬਣਦੀਆਂ ਹਨ। ਇਸ ਲਈ ਗੁੱਸੇ ਜਾਂ ਵਿਰੋਧ ਵਿੱਚ ਇਨ੍ਹਾਂ ਨੂੰ ਨੁਕਸਾਨ ਪਹੁੰਚਾਉਣਾ, ਕੰਧਾਂ 'ਤੇ ਲਿਖਣਾ, ਕੂੜਾ ਸੁੱਟਣਾ ਜਾਂ ਤੋੜ-ਫੋੜ ਕਰਨਾ ਆਪਣੇ ਹੀ ਘਰ ਦਾ ਨੁਕਸਾਨ ਕਰਨ ਦੇ ਬਰਾਬਰ ਹੈ। ਇਹ ਸਾਰੀਆਂ ਸਹੂਲਤਾਂ ਸਾਡੀ ਭਲਾਈ ਅਤੇ ਸੁਵਿਧਾ ਲਈ ਹੀ ਬਣਾਈਆਂ ਗਈਆਂ ਹਨ। ਜੇ ਅਸੀਂ ਆਪ ਹੀ ਇਨ੍ਹਾਂ ਦੀ ਸੰਭਾਲ ਨਹੀਂ ਕਰਾਂਗੇ, ਤਾਂ ਫਿਰ ਹੋਰ ਕੌਣ ਕਰੇਗਾ? ਇੱਕ ਕਰਤੱਵਨਿਸ਼ਠ ਨਾਗਰਿਕ ਹੋਣ ਦੇ ਨਾਤੇ ਜਨਤਕ ਸੰਪਤੀ ਦੀ ਰੱਖਿਆ ਕਰਨਾ ਸਾਡਾ ਨੈਤਿਕ ਫ਼ਰਜ਼ ਹੈ।

ਇਸ ਤੋਂ ਇਲਾਵਾ, ਕੁਦਰਤੀ ਸਰੋਤਾਂ ਦੀ ਸੰਭਾਲ ਅਤੇ ਵਾਤਾਵਰਣ ਪ੍ਰਤੀ ਵੀ ਆਪਣੀ ਜ਼ਿੰਮੇਵਾਰੀ ਨੂੰ ਸਮਝਣਾ ਹੋਵੇਗਾ। ਇਸ ਲਈ ਪਾਣੀ ਅਤੇ ਬਿਜਲੀ ਦੀ ਬੇਲੋੜੀ ਬਰਬਾਦੀ ਤੋਂ ਬਚਣਾ, ਸਿੰਗਲ-ਯੂਜ਼ ਪਲਾਸਟਿਕ ਨੂੰ ਪੂਰੀ ਤਰ੍ਹਾਂ ਤਿਆਗਣਾ, ਵੱਧ ਤੋਂ ਵੱਧ ਰੁੱਖ ਲਗਾਉਣਾ ਅਤੇ ਆਪਣੇ ਆਲੇ-ਦੁਆਲੇ ਨੂੰ ਪ੍ਰਦੂਸ਼ਣ-ਮੁਕਤ ਰੱਖਣਾ ਸਾਡੇ ਰੋਜ਼ਾਨਾ ਦੇ ਜੀਵਨ ਦਾ ਹਿੱਸਾ ਬਣਨਾ ਚਾਹੀਦਾ ਹੈ।

ਇੱਕ ਆਦਰਸ਼ ਨਾਗਰਿਕ ਹੋਣ ਦੇ ਨਾਤੇ ਸਾਨੂੰ ਕਾਨੂੰਨਾਂ ਦਾ ਪੂਰਾ ਸਤਿਕਾਰ ਕਰਨਾ ਚਾਹੀਦਾ ਹੈ। ਇਮਾਨਦਾਰੀ ਨਾਲ ਟੈਕਸ ਅਦਾ ਕਰਨਾ, ਭ੍ਰਿਸ਼ਟਾਚਾਰ ਨੂੰ ਕਿਸੇ ਵੀ ਰੂਪ ਵਿੱਚ ਉਤਸ਼ਾਹਿਤ ਨਾ ਕਰਨਾ, ਨਾ ਰਿਸ਼ਵਤ ਲੈਣੀ ਅਤੇ ਨਾ ਹੀ ਦੇਣੀ, ਝੂਠੇ ਦਸਤਾਵੇਜ਼ਾਂ, ਸਿਫ਼ਾਰਸ਼ਾਂ ਜਾਂ ਗਲਤ ਤਰੀਕਿਆਂ ਨਾਲ ਆਪਣੇ ਕੰਮ ਕਰਵਾਉਣ ਦੀ ਕੋਸ਼ਿਸ਼ ਨਾ ਕਰਨੀ ਹਰ ਨਾਗਰਿਕ ਦਾ ਫ਼ਰਜ਼ ਹੈ।

ਇਸ ਦੇ ਨਾਲ ਹੀ ਸਾਡੇ ਵਿਹਾਰ ਵਿੱਚ ਨਿਮਰਤਾ, ਆਪਸੀ ਸਤਿਕਾਰ ਅਤੇ ਇਨਸਾਨੀਅਤ ਦੀ ਭਾਵਨਾ ਵੀ ਝਲਕਣੀ ਚਾਹੀਦੀ ਹੈ। ਘਰ ਆਉਣ ਵਾਲੇ ਹਰ ਮਹਿਮਾਨ ਦਾ ਮੁਸਕਰਾ ਕੇ ਸਵਾਗਤ ਕਰਨਾ, ਘਰੋਂ ਨਿਕਲਦੇ ਜਾਂ ਵਾਪਸ ਆਉਂਦੇ ਸਮੇਂ ਆਪਣੇ ਪਰਿਵਾਰਕ ਮੈਂਬਰਾਂ ਨੂੰ ਪਿਆਰ ਅਤੇ ਸਤਿਕਾਰ ਨਾਲ ਮਿਲਣਾ, ਵੱਡਿਆਂ ਦਾ ਆਦਰ ਕਰਨਾ ਅਤੇ ਉਨ੍ਹਾਂ ਦੀ ਮਦਦ ਲਈ ਹਮੇਸ਼ਾ ਤਿਆਰ ਰਹਿਣਾ ਸਾਡੇ ਚੰਗੇ ਸੰਸਕਾਰਾਂ ਦੀ ਪਹਿਚਾਣ ਹੈ। ਬੱਚਿਆਂ ਨਾਲ ਪਿਆਰ ਅਤੇ ਧੀਰਜ ਨਾਲ ਪੇਸ਼ ਆਉਣਾ, ਔਰਤਾਂ ਦਾ ਸਤਿਕਾਰ ਕਰਨਾ, ਦਿਵਿਆਂਗ ਅਤੇ ਬਜ਼ੁਰਗ ਵਿਅਕਤੀਆਂ ਦੀ ਸੜਕ ਪਾਰ ਕਰਵਾਉਣ ਜਾਂ ਲੋੜ ਪੈਣ 'ਤੇ ਉਨ੍ਹਾਂ ਦੀ ਮਦਦ ਕਰਨੀ, ਰਾਹ ਭੁੱਲੇ ਜਾਂ ਮੁਸੀਬਤ ਵਿੱਚ ਫਸੇ ਕਿਸੇ ਅਣਜਾਣ ਵਿਅਕਤੀ ਨੂੰ ਸਹੀ ਰਸਤਾ ਦੱਸਣਾ ਜਾਂ ਸਹਾਇਤਾ ਕਰਨੀ ਵੀ ਇੱਕ ਜਾਗਰੂਕ ਨਾਗਰਿਕ ਦੀ ਪਹਿਚਾਣ ਹੈ। ਜਨਤਕ ਥਾਵਾਂ 'ਤੇ ਕਤਾਰ ਦਾ ਸਤਿਕਾਰ ਕਰਨਾ, ਆਪਣੀ ਵਾਰੀ ਦੀ ਉਡੀਕ ਕਰਨੀ, ਬੱਸਾਂ-ਟ੍ਰੇਨਾਂ ਵਿੱਚ ਬਜ਼ੁਰਗਾਂ, ਗਰਭਵਤੀ ਮਹਿਲਾਵਾਂ, ਦਿਵਿਆਂਗ ਵਿਅਕਤੀਆਂ ਅਤੇ ਲੋੜਵੰਦ ਯਾਤਰੀਆਂ ਲਈ ਆਪਣੀ ਸੀਟ ਛੱਡਣਾ, ਬਿਨਾਂ ਲੋੜ ਉੱਚੀ ਆਵਾਜ਼ ਵਿੱਚ ਰੌਲਾ ਨਾ ਪਾਉਣਾ, ਗਾਲੀ-ਗਲੌਚ ਤੋਂ ਬਚਣਾ ਅਤੇ ਹਰ ਵਿਅਕਤੀ ਨਾਲ ਨਿਮਰਤਾ ਨਾਲ ਗੱਲ ਕਰਨੀ, ਘਰ, ਦਫ਼ਤਰ, ਬਾਜ਼ਾਰਾਂ ਜਾਂ ਸੜਕਾਂ 'ਤੇ ਔਰਤਾਂ ਨੂੰ ਪੂਰਨ ਸੁਰੱਖਿਅਤ ਅਤੇ ਸਨਮਾਨਜਨਕ ਮਾਹੌਲ ਦੇਣਾ ਸਾਡੇ ਸਮਾਜ ਦੀ ਉੱਚੀ ਸੋਚ ਨੂੰ ਦਰਸਾਉਂਦਾ ਹੈ। ਅਜਿਹੀਆਂ ਛੋਟੀਆਂ-ਛੋਟੀਆਂ ਆਦਤਾਂ ਇੱਕ ਸੱਭਿਅਕ ਸਮਾਜ ਦੀ ਨੀਂਹ ਮਜ਼ਬੂਤ ਕਰਦੀਆਂ ਹਨ, ਜਿਸ ਨਾਲ ਸਾਡੇ ਦੇਸ਼ ਦੀ ਤਰੱਕੀ ਦੀ ਰਫ਼ਤਾਰ ਆਪਣੇ ਆਪ ਤੇਜ਼ ਹੋ ਜਾਂਦੀ ਹੈ। ਸਾਡਾ ਹਰ ਇੱਕ ਸਕਾਰਾਤਮਕ ਕਦਮ ਸਮਾਜ ਵਿੱਚ ਵੱਡਾ ਬਦਲਾਅ ਲਿਆਉਣ ਦੀ ਸਮਰੱਥਾ ਰੱਖਦਾ ਹੈ। ਇਸ ਨਵੀਂ ਸੋਚ ਦੀ ਰੌਸ਼ਨੀ ਨਾਲ ਆਪਣੇ ਦੇਸ਼ ਦੀ ਨੁਹਾਰ ਬਦਲੀਏ, ਇਸ ਨੂੰ ਵੀ ਵਿਕਸਤ ਦੇਸ਼ਾਂ ਦੀ ਕਤਾਰ ਵਿੱਚ ਸ਼ਾਮਲ ਕਰੀਏ ਅਤੇ ਆਪਣਾ ਜਾਗਰੂਕ ਤੇ ਜ਼ਿੰਮੇਵਾਰ ਨਾਗਰਿਕ ਹੋਣ ਦਾ ਫ਼ਰਜ਼ ਪੂਰੀ ਇਮਾਨਦਾਰੀ ਨਾਲ ਨਿਭਾਈਏ।

**Information in Public Interest**

To listen to **Dr.Gurdip Singh Sandhu** health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148




ਕਈ ਵੀਰਾਂ ਦੇ
**LICENSE CANCEL**
ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।


**ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ**

**ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ**


**Green Card ਨਹੀਂ ਹੈ | I-485 Application ਅਜੇ Pending ਹੈ।**

# Ghuman Law Group ਤੁਹਾਡੇ ਨਾਲ ਹੈ

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :



Green Card Case ਨੂੰ ਜਲਦੀ ਹੱਲ ਕਰਨ ਵਿੱਚ



CDL ਅਤੇ ਕੰਮ ਨੂੰ ਬਚਾਉਣ ਲਈ Legal Guidance



Deportation ਜਾਂ Immigration Detention Cases ਵਿੱਚ Legal Advice



Appeals ਅਤੇ Immigration Process ਵਿੱਚ ਸਹਾਇਤਾ



Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ



ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ

GHUMAN LAW GROUP INC.
Criminal Defense, Family and Immigration Law

Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ

**ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)**

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner

# ਆਸਟ੍ਰੇਲੀਆ ਦੀ ਨਵੀਂ ਪਰਵਾਸ ਯੋਜਨਾ ਤਹਿਤ 1.85 ਲੱਖ ਹੁਨਰਮੰਦਾਂ ਨੂੰ ਮਿਲੇਗੀ ਪੀ.ਆਰ

ਮੈਲਬੌਰਨ
ਸਾਂਝੀ ਸੋਚ ਬਿਊਰੋ

ਆਸਟ੍ਰੇਲੀਆ ਸਰਕਾਰ ਨੇ ਸਾਲ 2026-27 ਦੇ ਪਰਵਾਸ ਪ੍ਰੋਗਰਾਮ ਲਈ ਆਪਣੀਆਂ ਨਵੀਆਂ ਤਰਜੀਹਾਂ ਸਪੱਸ਼ਟ ਕਰ ਦਿੱਤੀਆਂ ਹਨ। ਸਰਕਾਰ ਦਾ ਮੁੱਖ ਧਿਆਨ ਹੁਣ ਉਨ੍ਹਾਂ ਖੇਤਰਾਂ 'ਤੇ ਹੈ, ਜਿੱਥੇ ਹੁਨਰਮੰਦ ਕਰਮਚਾਰੀਆਂ ਦੀ ਸਭ ਤੋਂ ਵੱਧ ਘਾਟ ਹੈ। ਸਰਕਾਰੀ ਅੰਕੜਿਆਂ ਅਨੁਸਾਰ ਨਵੇਂ ਵਿੱਤੀ ਸਾਲ ਲਈ ਸਥਾਈ ਪਰਵਾਸ (ਪਰਮਾਨੈਂਟ ਮਾਈਗ੍ਰੇਸ਼ਨ ਪ੍ਰੋਗਰਾਮ) ਦਾ ਕੋਟਾ 1,85,000 ਰੱਖਿਆ ਗਿਆ ਹੈ। ਇਨ੍ਹਾਂ ਵਿਚੋਂ 1,32,200 ਤੋਂ ਵੱਧ ਥਾਵਾਂ ਹੁਨਰਮੰਦ ਪ੍ਰਵਾਸੀਆਂ ਲਈ ਹਨ, ਜਦੋਂ ਕਿ ਬਾਕੀ ਪਰਿਵਾਰਕ ਅਤੇ ਹੋਰ ਵੀਜ਼ਾ ਸ਼੍ਰੇਣੀਆਂ ਲਈ ਨਿਰਧਾਰਤ ਕੀਤੀਆਂ ਗਈਆਂ ਹਨ।

ਸਿਹਤ, ਬਜ਼ੁਰਗਾਂ ਦੀ ਦੇਖਭਾਲ, ਨਿਰਮਾਣ, ਸਿੱਖਿਆ, ਇੰਜੀਨੀਅਰਿੰਗ, ਆਈ.ਟੀ. ਅਤੇ ਖੇਤਰੀ ਇਲਾਕਿਆਂ ਵਿਚ ਕੰਮ ਕਰਨ ਵਾਲੇ ਯੋਗ ਉਮੀਦਵਾਰਾਂ ਨੂੰ ਵੀਜ਼ਾ ਪ੍ਰਕਿਰਿਆ ਵਿਚ ਪਹਿਲ ਦਿੱਤੀ ਜਾਵੇਗੀ। ਗ੍ਰਿਹ ਮੰਤਰੀ ਟੋਨੀ ਬਰਕ ਨੇ ਕਿਹਾ ਕਿ, "ਆਸਟ੍ਰੇਲੀਆ ਦੀ



ਪਰਵਾਸ ਪ੍ਰਣਾਲੀ ਦਾ ਉਦੇਸ਼ ਸਿਰਫ਼ ਗਿਣਤੀ ਵਧਾਉਣਾ ਨਹੀਂ, ਸਗੋਂ ਦੇਸ਼ ਦੀ ਆਰਥਿਕਤਾ ਅਤੇ ਰੁਜ਼ਗਾਰ ਬਾਜ਼ਾਰ ਦੀਆਂ ਲੋੜਾਂ ਨੂੰ ਪੂਰਾ ਕਰਨਾ ਹੈ।" ਉਨ੍ਹਾਂ ਕਿਹਾ ਕਿ ਜਿਨ੍ਹਾਂ ਖੇਤਰਾਂ ਵਿਚ ਕਰਮਚਾਰੀਆਂ ਦੀ ਘਾਟ ਹੈ, ਉੱਥੇ ਹੁਨਰਮੰਦ ਲੋਕਾਂ ਨੂੰ ਪਹਿਲ ਮਿਲਣ ਨਾਲ ਹਸਪਤਾਲਾਂ, ਉਸਾਰੀ ਅਤੇ ਖੇਤਰੀ ਭਾਈਚਾਰਿਆਂ ਨੂੰ ਵੱਡਾ ਲਾਭ ਮਿਲੇਗਾ।

ਇਸੇ ਦੌਰਾਨ ਆਸਟ੍ਰੇਲੀਅਨ ਨੈਸ਼ਨਲ ਯੂਨੀਵਰਸਿਟੀ ਦੀ ਰਿਪੋਰਟ ਨੇ ਵਿਸ਼ੇਸ਼ ਧਿਆਨ ਖਿੱਚਿਆ ਹੈ। ਰਿਪੋਰਟ ਮੁਤਾਬਕ ਪਿਛਲੇ ਸਾਲਾਂ ਵਿਚ ਪਰਵਾਸ ਪ੍ਰੋਗਰਾਮ ਦੀਆਂ ਸਿਰਫ਼ 12 ਫ਼ੀਸਦੀ ਥਾਵਾਂ ਹੀ ਸਿੱਧੇ ਵਿਦੇਸ਼ਾਂ ਤੋਂ ਆਉਣ ਵਾਲੇ ਹੁਨਰਮੰਦ ਉਮੀਦਵਾਰਾਂ ਨੂੰ ਮਿਲੀਆਂ, ਜਦੋਂ ਕਿ ਬਾਕੀ ਜ਼ਿਆਦਾਤਰ ਥਾਵਾਂ ਪਹਿਲਾਂ ਹੀ ਆਸਟ੍ਰੇਲੀਆ ਵਿਚ ਮੌਜੂਦ ਅਸਥਾਈ ਵੀਜ਼ਾ ਧਾਰਕਾਂ ਨੂੰ ਸਥਾਈ ਨਿਵਾਸ ਦੇਣ ਲਈ ਵਰਤੀਆਂ ਗਈਆਂ।

ਮਾਹਿਰਾਂ ਦਾ ਮੰਨਣਾ ਹੈ ਕਿ ਨਵੀਂ ਨੀਤੀ ਨਾਲ ਦੇਸ਼ ਵਿਚ ਹੁਨਰਮੰਦ ਕਰਮਚਾਰੀਆਂ ਦੀ ਘਾਟ ਦੂਰ ਕਰਨ ਵਿਚ ਅਹਿਮ ਮਦਦ ਮਿਲੇਗੀ, ਪਰ ਨਾਲ ਹੀ ਵਿਦੇਸ਼ਾਂ ਤੋਂ ਅਰਜ਼ੀ ਦੇਣ ਵਾਲੇ ਨਵੇਂ ਉਮੀਦਵਾਰਾਂ ਲਈ ਮੁਕਾਬਲਾ ਪਹਿਲਾਂ ਨਾਲੋਂ ਕਾਫ਼ੀ ਸਖ਼ਤ ਹੋ ਸਕਦਾ ਹੈ।

# 5 ਹਜ਼ਾਰ ਗੈਰ-ਕਾਨੂੰਨੀ ਭਾਰਤੀ ਪ੍ਰਵਾਸੀਆਂ ਨੂੰ ਬਰਤਾਨੀਆ ਕਰੇਗਾ ਡਿਪੋਰਟ!

ਲੰਡਨ
ਸਾਂਝੀ ਸੋਚ ਬਿਊਰੋ

ਬ੍ਰਿਟੇਨ ਦੇ ਨਵੇਂ ਪ੍ਰਧਾਨ ਮੰਤਰੀ ਐਂਡੀ ਬਰਨਹੈਮ ਅਹੁਦਾ ਸੰਭਾਲਦੇ ਹੀ ਸਖ਼ਤ ਕਦਮ ਚੁੱਕਣ ਦੀ ਤਿਆਰੀ 'ਚ ਹਨ। ਬ੍ਰਿਟੇਨ ਦੇ ਨਜ਼ਰਬੰਦੀ ਕੇਂਦਰਾਂ 'ਚ ਮੌਜੂਦਾ ਸਮੇਂ ਰਹਿ ਰਹੇ ਲਗਭਗ 5,000 ਗੈਰ-ਕਾਨੂੰਨੀ ਭਾਰਤੀ ਪ੍ਰਵਾਸੀਆਂ ਨੂੰ ਜਲਦੀ ਹੀ ਦੇਸ਼ ਨਿਕਾਲਾ ਦਿੱਤਾ ਜਾਵੇਗਾ। ਇਸ ਲਈ ਰਸਮੀ ਕਾਰਵਾਈਆਂ ਪੂਰੀਆਂ ਕਰ ਲਈਆਂ ਗਈਆਂ ਹਨ। ਇਸ ਸਾਲ ਮਾਰਚ ਤੱਕ ਲਗਭਗ 23,000 ਲੋਕ ਬ੍ਰਿਟੇਨ ਦੇ ਨਜ਼ਰਬੰਦੀ ਕੇਂਦਰਾਂ ਵਿਚ ਸਨ। ਇਨ੍ਹਾਂ ਵਿਚੋਂ ਜ਼ਿਆਦਾਤਰ ਬ੍ਰਾਜ਼ੀਲ, ਭਾਰਤ ਅਤੇ ਅਲਬਾਨੀਆ ਦੇ ਨਾਗਰਿਕ ਸਨ। ਸੂਤਰਾਂ ਅਨੁਸਾਰ ਇਸ ਸਮੇਂ ਨਜ਼ਰਬੰਦੀ ਕੇਂਦਰਾਂ ਵਿਚ ਰਹਿ ਰਹੇ ਗੈਰ-ਕਾਨੂੰਨੀ ਪ੍ਰਵਾਸੀਆਂ ਵਿਚੋਂ ਲਗਭਗ 22% ਭਾਰਤੀ ਹਨ।

ਬ੍ਰਿਟੇਨ ਵਿਚ ਲਗਭਗ 20,000 ਭਾਰਤੀਆਂ ਦੀ ਵੀ ਜਾਂਚ ਚੱਲ ਰਹੀ ਹੈ, ਜੋ ਓਵਰਸਟੇਅ ਕਰ ਚੁੱਕੇ ਹਨ। ਓਵਰਸਟੇਅ ਉਹ ਲੋਕ ਹਨ, ਜੋ ਆਪਣੀ ਵੀਜ਼ਾ ਮਿਆਦ ਖਤਮ ਹੋਣ ਤੋਂ ਬਾਅਦ ਵੀ ਬ੍ਰਿਟੇਨ ਵਿਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਸੈਲਾਨੀ ਅਤੇ ਵਿਦਿਆਰਥੀ ਵੀਜ਼ਿਆਂ 'ਤੇ ਹਨ। ਬ੍ਰਿਟੇਨ ਵਿਚ ਸੱਤ ਵੱਡੇ ਨਜ਼ਰਬੰਦੀ ਕੇਂਦਰ ਹਨ। ਗੈਟਵਿਕ ਅਤੇ ਹੀਥਰੋ ਹਵਾਈ ਅੱਡਾ, ਡਰਨਹੈਮ ਅਤੇ ਡੰਗਵੇਲ ਪ੍ਰਮੁੱਖ ਹਨ। ਇਨ੍ਹਾਂ



ਨਜ਼ਰਬੰਦੀ ਕੇਂਦਰਾਂ ਤੋਂ ਦੇਸ਼ ਨਿਕਾਲਾ ਦਿੱਤੇ ਜਾਣ ਵਾਲੇ ਭਾਰਤੀਆਂ ਦੀ ਅੰਤਿਮ ਸੂਚੀ ਤਿਆਰ ਕਰ ਲਈ ਗਈ ਹੈ।

ਅਸਲ ਵਿਚ ਗੈਰ-ਕਾਨੂੰਨੀ ਇਮੀਗ੍ਰੇਸ਼ਨ ਬ੍ਰਿਟੇਨ ਵਿਚ ਇੱਕ ਵੱਡਾ ਰਾਜਨੀਤਿਕ ਮੁੱਦਾ ਬਣ ਗਿਆ ਹੈ। ਰੈਡੀਕਲ ਰਿਫਾਰਮ ਯੂ.ਕੇ. ਅਤੇ ਰੀਸਟੋਰ ਪਾਰਟੀਆਂ ਇਸ ਮੁੱਦੇ 'ਤੇ ਪ੍ਰਸਿੱਧੀ ਪ੍ਰਾਪਤ ਕਰ ਚੁੱਕੀਆਂ ਹਨ। ਨਵੇਂ ਪ੍ਰਧਾਨ ਮੰਤਰੀ ਐਂਡੀ ਬਰਨਹੈਮ ਦੇਸ਼ ਨਿਕਾਲੇ ਨੂੰ ਤੇਜ਼ ਕਰਕੇ ਇਨ੍ਹਾਂ ਪਾਰਟੀਆਂ ਦੇ ਮੁੱਦੇ ਵਿਚ ਸੰਨ੍ਹ ਲਗਾਉਣ ਦੀ ਰਣਨੀਤੀ ਵਿਚ ਹਨ। ਰਿਪੋਰਟਾਂ ਮੁਤਾਬਕ ਗੈਰ-ਕਾਨੂੰਨੀ ਪ੍ਰਵਾਸੀਆਂ ਦਾ ਬ੍ਰਿਟੇਨ ਜਾਣ ਦਾ ਰੂਟ ਇੰਗਲਿਸ਼ ਚੈਨਲ ਰਾਹੀਂ ਹੁੰਦਾ ਹੈ। ਲਗਭਗ 90% ਗੈਰ-ਕਾਨੂੰਨੀ ਪ੍ਰਵਾਸੀ ਛੋਟੀਆਂ ਕਿਸ਼ਤੀਆਂ ਵਿਚ ਜੋਖਮ ਭਰਪੂਰ ਇੰਗਲਿਸ਼ ਚੈਨਲ ਪਾਰ ਕਰਦੇ ਹਨ। ਕੁਝ ਮਾਮਲਿਆਂ ਵਿਚ ਭਾਰਤੀ ਦੂਜੇ ਯੂਰਪੀਅਨ ਦੇਸ਼ਾਂ ਤੋਂ ਆਉਂਦੇ ਹਨ। ਗੈਰ-ਕਾਨੂੰਨੀ ਪ੍ਰਵਾਸੀ ਜ਼ਿਆਦਾਤਰ ਦੱਖਣੀ ਇੰਗਲੈਂਡ, ਸਕਾਟਲੈਂਡ ਅਤੇ ਵੇਲਜ਼ ਵਿਚ ਲੁਕਣ ਦੀਆਂ ਥਾਵਾਂ ਲੱਭਦੇ ਹਨ। ਉਹ ਘੱਟ ਤਨਖਾਹ ਜਾਂ ਰੋਜ਼ਾਨਾ ਮਜ਼ਦੂਰੀ 'ਤੇ ਕੰਮ ਕਰਦੇ ਹਨ। ਸਾਈਬਰ ਨਿਗਰਾਨੀ ਤੋਂ ਬਚਣ ਲਈ, ਉਹ ਆਪਣੀ ਤਨਖਾਹ ਨਕਦ ਵਿਚ ਸਵੀਕਾਰ ਕਰਦੇ ਹਨ, ਕੋਈ ਰਿਕਾਰਡ ਨਹੀਂ ਛੱਡਦੇ। ਫੜੇ ਜਾਣ ਤੋਂ ਬਾਅਦ ਗੈਰ-ਕਾਨੂੰਨੀ ਪ੍ਰਵਾਸੀਆਂ ਵੱਲੋਂ ਸ਼ਰਣ ਲਈ ਅਰਜ਼ੀ ਦੇਣ ਦਾ ਰੁਝਾਨ ਵੀ ਹੈ। ਪਾਕਿਸਤਾਨੀ ਨਾਗਰਿਕ ਸਭ ਤੋਂ ਵੱਧ ਆਮ ਹਨ। ਭਾਰਤੀਆਂ ਦੀਆਂ 100 ਸ਼ਰਣ ਅਰਜ਼ੀਆਂ ਵਿਚੋਂ ਸਿਰਫ਼ ਇੱਕ ਨੂੰ ਹੀ ਮਨਜ਼ੂਰੀ ਮਿਲਦੀ ਹੈ।

# ਸੇਵਾਮੁਕਤ ਫ਼ੌਜੀਆਂ ਨੂੰ ਰੁਜ਼ਗਾਰ ਪ੍ਰਦਾਨ ਕਰਨ ਤੇ ਗੈਰ-ਕਾਨੂੰਨੀ ਟਰੱਕ ਡਰਾਈਵਰਾਂ ਵਿਰੁੱਧ ਕਾਰਵਾਈ ਨੂੰ ਤੇਜ਼ ਕਰਨ ਦੇ ਉਦੇਸ਼ ਨਾਲ ਟਰੰਪ ਵੱਲੋਂ 'ਫ੍ਰੀਡਮ ਹੌਲਰਜ਼' ਨਾਮਕ ਨਵੀਂ ਪਹਿਲਕਦਮੀ ਸ਼ੁਰੂ ਕਰਨ ਦਾ ਐਲਾਨ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਟਰੱਕਿੰਗ ਸੈਕਟਰ ਵਿਚ ਇੱਕ ਵੱਡੀ ਤਬਦੀਲੀ ਦਾ ਐਲਾਨ ਕੀਤਾ ਹੈ। ਉਨ੍ਹਾਂ ਨੇ 'ਫ੍ਰੀਡਮ ਹੌਲਰਜ਼' ਨਾਮਕ ਇੱਕ ਨਵੀਂ ਪਹਿਲਕਦਮੀ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ, ਜਿਸ ਦਾ ਉਦੇਸ਼ ਸੇਵਾਮੁਕਤ ਫ਼ੌਜੀ ਸਾਬਕਾ ਫ਼ੌਜੀਆਂ ਨੂੰ ਰੁਜ਼ਗਾਰ ਪ੍ਰਦਾਨ ਕਰਨਾ ਅਤੇ ਦੇਸ਼ 'ਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਟਰੱਕ ਡਰਾਈਵਰਾਂ ਵਿਰੁੱਧ ਕਾਰਵਾਈ ਨੂੰ ਤੇਜ਼ ਕਰਨਾ ਹੈ। ਟਰੰਪ ਨੇ ਕਿਹਾ ਕਿ ਇਹ ਪਹਿਲਕਦਮੀ ਨਾ ਸਿਰਫ਼ ਰੁਜ਼ਗਾਰ ਵਧਾਏਗੀ, ਬਲਕਿ ਰਾਸ਼ਟਰੀ ਸੁਰੱਖਿਆ ਨੂੰ ਵੀ ਮਜ਼ਬੂਤ ਕਰੇਗੀ ਅਤੇ ਸਾਬਕਾ ਫ਼ੌਜੀਆਂ ਨੂੰ ਤਰਜੀਹ ਦਿੱਤੀ ਜਾਵੇਗੀ। ਨਵੀਂ ਯੋਜਨਾ ਤਹਿਤ ਸੇਵਾਮੁਕਤ ਫ਼ੌਜੀ ਕਰਮਚਾਰੀਆਂ ਨੂੰ ਟਰੱਕ ਡਰਾਈਵਰਾਂ ਵਜੋਂ ਭਰਤੀ ਵਿਚ ਪਹਿਲ ਦਿੱਤੀ ਜਾਵੇਗੀ। ਵਪਾਰਕ ਡਰਾਈਵਿੰਗ ਲਾਇਸੈਂਸ (ਸੀ.ਡੀ.ਐੱਲ) ਪ੍ਰਾਪਤ ਕਰਨ ਦੀ ਪ੍ਰਕਿਰਿਆ ਨੂੰ ਵੀ ਸਰਲ ਅਤੇ ਤੇਜ਼ ਕੀਤਾ ਜਾਵੇਗਾ, ਜਿਸ ਨਾਲ ਉਹ ਜਲਦੀ ਤੋਂ ਜਲਦੀ ਟਰੱਕਿੰਗ ਉਦਯੋਗ 'ਚ ਸ਼ਾਮਲ ਹੋ ਸਕਣਗੇ ਅਤੇ ਅਮਰੀਕਾ 'ਚ ਗੈਰ-ਕਾਨੂੰਨੀ ਪ੍ਰਵਾਸੀ ਟਰੱਕ ਡਰਾਈਵਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਟਰਾਂਸਪੋਰਟੇਸ਼ਨ ਸਕੱਤਰ ਸੀਨ ਡਫੀ ਅਤੇ ਕਾਰਜਕਾਰੀ ਲੇਬਰ ਸਕੱਤਰ ਕੀਥ ਸੋਂਡਰਲਿੰਗ ਦੇ ਨਾਲ ਟਰੰਪ ਨੇ ਕਿਹਾ ਕਿ ਪ੍ਰਸ਼ਾਸਨ ਦਾ ਟੀਚਾ ਅਮਰੀਕੀ ਸੜਕਾਂ ਤੋਂ ਗੈਰ-ਕਾਨੂੰਨੀ ਟਰੱਕ ਡਰਾਈਵਰਾਂ ਨੂੰ ਹਟਾਉਣਾ ਹੈ ਅਤੇ ਉਨ੍ਹਾਂ ਦੀ ਥਾਂ ਯੋਗ ਅਮਰੀਕੀ ਸਾਬਕਾ ਸੈਨਿਕਾਂ ਨੂੰ ਨਿਯੁਕਤ ਕਰਨਾ ਹੈ। ਅਮਰੀਕੀ ਆਵਾਜਾਈ ਵਿਭਾਗ ਦੇ ਅਨੁਸਾਰ, ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਦੀਆਂ ਜ਼ਰੂਰਤਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਤੋਂ ਬਾਅਦ 24,000 ਤੋਂ ਵੱਧ ਵਪਾਰਕ ਡਰਾਈਵਿੰਗ ਲਾਇਸੈਂਸ (ਸੀ.ਡੀ.ਐੱਲ) ਰੱਦ ਕਰ ਦਿੱਤੇ ਗਏ ਹਨ। ਵਿਭਾਗ ਦਾ ਕਹਿਣਾ ਹੈ ਕਿ ਇਹ ਕਾਰਵਾਈ ਮੌਜੂਦਾ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਕੀਤੀ ਗਈ ਸੀ ਅਤੇ 28,000 ਤੋਂ ਵੱਧ ਮਾਮਲਿਆਂ ਦੀ ਜਾਂਚ ਦਾ ਖੁਲਾਸਾ ਹੋਇਆ ਹੈ। ਟਰਾਂਸਪੋਰਟ ਵਿਭਾਗ ਦਾ ਦਾਅਵਾ ਹੈ ਕਿ ਇੱਕ ਜਾਂਚ ਦੌਰਾਨ ਗੈਰ-ਕਾਨੂੰਨੀ ਵਪਾਰਕ ਡਰਾਈਵਿੰਗ ਲਾਇਸੈਂਸਾਂ ਦੇ 28,000 ਤੋਂ ਵੱਧ ਮਾਮਲੇ ਕਥਿਤ ਤੌਰ 'ਤੇ ਗੈਰ-ਨਾਗਰਿਕ ਟਰੱਕ ਡਰਾਈਵਰਾਂ ਨੂੰ ਜਾਰੀ ਕੀਤੇ ਗਏ ਸਨ। ਬਾਅਦ ਵਿਚ ਇਨ੍ਹਾਂ ਲਾਇਸੈਂਸਾਂ ਨੂੰ ਰੱਦ ਕਰ ਦਿੱਤਾ ਗਿਆ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਭਵਿੱਖ ਵਿਚ ਟਰੱਕਿੰਗ ਸੈਕਟਰ ਵਿਚ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇਗਾ ਅਤੇ ਦਸਤਾਵੇਜ਼ ਤਸਦੀਕ ਕਰਕੇ ਲਾਗੂ ਕੀਤੀ ਜਾਵੇਗੀ।







RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

Kirandeep Kaur
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

Contact : Cell (209) 550-1704

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED


ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ
SIKH GURDWARA - SAN JOSE
ਵਿਸ਼ਾਲ ਗੁਰਮਤਿ ਸਮਾਗਮ
ਅਮਰੀਕਾ ਦੀ ਧਰਤੀ 'ਤੇ ਸਥਿਤ
SAN JOSE ਗੁਰਦੁਆਰਾ ਸਾਹਿਬ, ਕੈਲੀਫੋਰਨੀਆ ਵਿਖੇ
ਇੱਕ ਵਿਸ਼ਾਲ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਜਾ ਰਿਹਾ ਹੈ।
ਇਸ ਪਾਵਨ ਸਮਾਗਮ ਵਿੱਚ
ਭਾਈ ਰਣਜੀਤ ਸਿੰਘ ਜੀ ਖਾਲਸਾ ਢੱਡਰੀਆਂ ਵਾਲੇ
ਪਾਵਨ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀਂ
ਸੰਗਤਾਂ ਨੂੰ ਨਿਹਾਲ ਕਰਨਗੇ।
ਸਮਾਗਮ ਦੀਆਂ ਮਿਤੀਆਂ
7 ਅਤੇ 8 ਅਗਸਤ 2026
ਸ਼ਾਮ 6:00 ਵਜੇ ਤੋਂ 9:00 ਵਜੇ ਤੱਕ
ਸਮਾਗਮ ਦੀਆਂ ਮਿਤੀਆਂ
9 ਅਗਸਤ 2026
ਸਵੇਰੇ 11:00 ਵਜੇ ਤੋਂ ਦੁਪਹਿਰ 2:00 ਵਜੇ ਤੱਕ
ਸਥਾਨ
3636 Gurdwara Avenue
San Jose, Cailforina
ਜੇ ਤੁਸੀਂ ਕੈਲੀਫੋਰਨੀਆ ਜਾਂ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਰਹਿੰਦੇ ਹੋ
ਤਾਂ ਆਪਣੇ ਪਰਿਵਾਰ ਅਤੇ ਬੱਚਿਆਂ ਸਮੇਤ ਇਸ ਪਾਵਨ ਗੁਰਮਤਿ ਸਮਾਗਮ ਵਿੱਚ ਜ਼ਰੂਰ ਪਹੁੰਚੋ
ਅਤੇ ਗੁਰਬਾਣੀ ਦੇ ਰਸ ਨਾਲ ਆਪਣਾ ਜੀਵਨ ਧੰਨ ਬਣਾਓ।
ਹੋਰ ਜਾਣਕਾਰੀ ਲਈ ਸੰਪਰਕ ਕਰੋ: +1(408) 274-9373
ਆਓ... ਗੁਰੂ ਚਰਨਾਂ ਵਿੱਚ ਸੀਸ ਨਿਵਾਈਏ, ਗੁਰਬਾਣੀ ਦਾ ਰਸ ਮਾਣੀਏ ਅਤੇ ਆਪਣੇ ਜੀਵਨ ਨੂੰ ਗੁਰੂ ਦੇ ਉਪਦੇਸ਼ਾਂ ਨਾਲ ਰੌਸ਼ਨ ਕਰੀਏ।


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
Video Advertising
POSTERS DESIGN
We design flyers, Posters and Post Cards to promote your business
Positive Vibes
BUSINESS CARD DESIGN
WE DESIGN YOUR BUSINESS CARD
COMPANY NAME
COMPANY
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
24/7
CUSTOMER SERVICE
For more information call
Boota Singh Basi +1 (209) 303-1260

# ਕੈਨੇਡਾ ਦੇ ਇੱਕ ਗੁਰਦੁਆਰੇ 'ਚ ਭਿੜੇ ਦੋ ਧੜੇ !

ਓਟਵਾ
ਸਾਂਝੀ ਸੋਚ ਬਿਊਰੋ



ਕੈਨੇਡਾ ਦੇ ਇੱਕ ਗੁਰਦੁਆਰੇ ਵਿੱਚ ਗੋਲਕ ਦੇ ਪ੍ਰਬੰਧ ਨੂੰ ਲੈ ਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੀਟਿੰਗ ਦੌਰਾਨ ਦੋ ਧੜਿਆਂ ਵਿਚਕਾਰ ਤਕਰਾਰ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਦੋਸ਼ ਹੈ ਕਿ ਮੀਟਿੰਗ ਦੌਰਾਨ ਵਿਵਾਦ ਇੰਨਾ ਵੱਧ ਗਿਆ ਕਿ ਦੋਵਾਂ ਪੱਖਾਂ ਵਿਚਕਾਰ ਧੱਕਾ-ਮੁੱਕੀ ਅਤੇ ਹੱਥੋਪਾਈ ਦੀ ਨੌਬਤ ਆ ਗਈ। ਇਹ ਘਟਨਾ ਉਸ ਵੇਲੇ ਵਾਪਰੀ ਜਦੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੀਟਿੰਗ ਹੋ ਰਹੀ ਸੀ।

ਇਸ ਦੌਰਾਨ, ਗੋਲਕ ਦੇ ਪੈਸੇ ਦੇ ਹਿਸਾਬ-ਕਿਤਾਬ ਅਤੇ ਮਰਿਆਦਾ ਦੀ ਉਲੰਘਣਾ ਦਾ ਮੁੱਦਾ ਉੱਠਿਆ। ਬਹਿਸ ਤੇਜ਼ੀ ਨਾਲ ਵਧ ਗਈ, ਅਤੇ ਮਾਹੌਲ ਤਣਾਅਪੂਰਨ ਹੋ ਗਿਆ। ਕੁਝ ਮੈਂਬਰਾਂ ਨੇ ਦੋਸ਼ ਲਗਾਇਆ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਉਨ੍ਹਾਂ ਨੂੰ ਡਰਾਉਣ ਜਾਂ ਧਮਕਾਉਣ ਦੀ ਕੋਸ਼ਿਸ਼ ਕੀਤੀ, ਜਿਸ ਤੋਂ ਬਾਅਦ ਦੋਵੇਂ ਧੜੇ ਆਪਸ ਵਿੱਚ ਭਿੜ ਗਏ। ਦੋਵਾਂ ਧੜਿਆਂ ਵਿਚਕਾਰ ਲਗਭਗ 10 ਮਿੰਟਾਂ ਤੱਕ ਧੱਕਾ-ਮੁੱਕੀ ਹੁੰਦੀ ਰਹੀ। ਬਾਅਦ ਵਿੱਚ, ਹੋਰ ਮੈਂਬਰਾਂ ਨੇ ਮਾਮਲੇ ਨੂੰ ਸ਼ਾਂਤ ਕੀਤਾ। ਇਸ ਮਾਮਲੇ ਵਿੱਚ ਕਿਸੇ ਵੀ ਸ਼ਿਕਾਇਤ, ਦਾਇਰ ਜਾਂ ਕੀਤੀ ਗਈ ਕਾਰਵਾਈ ਬਾਰੇ ਮਾਂਟਰੀਅਲ ਪੁਲਿਸ ਵੱਲੋਂ ਕੋਈ ਅਧਿਕਾਰਤ ਜਾਣਕਾਰੀ ਨਹੀਂ ਦਿੱਤੀ ਗਈ ਹੈ। ਘਟਨਾ ਦੀ ਸੀਸੀਟੀਵੀ ਫੁਟੇਜ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਸੋਸ਼ਲ ਮੀਡੀਆ 'ਤੇ ਸਾਹਮਣੇ ਆਈ ਇੱਕ ਵੀਡੀਓ ਵਿੱਚ ਮੀਟਿੰਗ ਦੌਰਾਨ ਹੰਗਾਮਾ ਹੁੰਦਾ ਸਾਫ਼ ਨਜ਼ਰ ਆ ਰਿਹਾ ਹੈ।

# ਥਾਈਲੈਂਡ ਤੋਂ ਦਿੱਲੀ ਆ ਰਹੀ ਏਅਰ ਇੰਡੀਆ ਦੀ ਫਲਾਈਟ ਹਵਾ 'ਚ ਫਸੀ, 17 ਜ਼ਖ਼ਮੀ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ




ਥਾਈਲੈਂਡ ਦੇ ਫੁਕੇਟ ਤੋਂ ਦਿੱਲੀ ਆ ਰਹੀ ਏਅਰ ਇੰਡੀਆ ਦੀ ਫਲਾਈਟ ਅੀ2379 ਮੰਗਲਵਾਰ ਨੂੰ ਟਰਬੂਲੈਂਸ, ਯਾਨੀ ਤੇਜ਼ ਹਵਾ ਦੇ ਝਟਕਿਆਂ ਵਿੱਚ ਫਸ ਗਈ। ਹਾਲਾਂਕਿ, ਪਾਇਲਟ ਨੇ ਸਥਿਤੀ ਸੰਭਾਲੀ ਅਤੇ ਫਲਾਈਟ ਨੂੰ ਦਿੱਲੀ ਏਅਰਪੋਰਟ 'ਤੇ ਸੁਰੱਖਿਅਤ ਉਤਾਰ ਲਿਆ। ਜਹਾਜ਼ ਵਿੱਚ 137 ਯਾਤਰੀ ਅਤੇ 8 ਕਰੂ ਮੈਂਬਰ ਸਵਾਰ ਸਨ। ਏਅਰ ਇੰਡੀਆ ਦੇ ਬੁਲਾਰੇ ਨੇ ਦੱਸਿਆ ਕਿ ਇਸ ਘਟਨਾ ਵਿੱਚ 13 ਯਾਤਰੀਆਂ ਅਤੇ 4 ਕਰੂ ਮੈਂਬਰਾਂ ਸਮੇਤ 17 ਲੋਕ ਜ਼ਖ਼ਮੀ ਹੋਏ ਹਨ। ਸਾਰਿਆਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਇਹਨਾਂ ਵਿੱਚੋਂ 5 ਲੋਕਾਂ ਨੂੰ ਇਲਾਜ ਤੋਂ ਬਾਅਦ ਛੁੱਟੀ ਦੇ ਕੇ ਘਰ ਭੇਜ ਦਿੱਤਾ ਗਿਆ ਹੈ, ਜਦਕਿ ਬਾਕੀ ਅਜੇ ਦਾਖ਼ਲ ਹਨ। ਏਅਰ ਇੰਡੀਆ ਦੀਆਂ ਟੀਮਾਂ ਹਸਪਤਾਲਾਂ ਵਿੱਚ ਮੌਜੂਦ ਹਨ। ਦਰਅਸਲ, ਏਅਰ ਇੰਡੀਆ ਦੀ ਫਲਾਈਟ ਨੰਬਰ ਅੀ 2379 ਫੁਕੇਟ ਤੋਂ ਦਿੱਲੀ ਆ ਰਹੀ ਸੀ। ਦਿੱਲੀ ਏਅਰਪੋਰਟ 'ਤੇ ਲੈਂਡਿੰਗ ਤੋਂ ਪਹਿਲਾਂ ਜਹਾਜ਼ ਨੂੰ ਅਚਾਨਕ ਤੇਜ਼ ਟਰਬੂਲੈਂਸ ਦਾ ਸਾਹਮਣਾ ਕਰਨਾ ਪਿਆ, ਜਿਸ ਨਾਲ ਯਾਤਰੀਆਂ ਨੂੰ ਜ਼ੋਰਦਾਰ ਝਟਕੇ ਮਹਿਸੂਸ ਹੋਏ। ਇਸ ਦੌਰਾਨ ਕੁਝ ਯਾਤਰੀਆਂ ਨੂੰ ਸੱਟਾਂ ਵੀ ਲੱਗੀਆਂ। ਹਾਲਾਂਕਿ, ਆਈ.ਜੀ.ਆਈ ਏਅਰਪੋਰਟ 'ਤੇ ਸਵੇਰੇ ਲਗਭਗ 11:50 ਵਜੇ ਜਹਾਜ਼ ਦੀ ਸੁਰੱਖਿਅਤ ਲੈਂਡਿੰਗ ਕਰਵਾਈ ਗਈ। ਏਅਰਪੋਰਟ 'ਤੇ ਪਹਿਲਾਂ ਤੋਂ ਤਿਆਰ ਮੈਡੀਕਲ ਟੀਮਾਂ ਨੇ ਜ਼ਖ਼ਮੀ ਯਾਤਰੀਆਂ ਨੂੰ ਤੁਰੰਤ ਮੁੱਢਲੀ ਸਹਾਇਤਾ ਦਿੱਤੀ। ਡਾਇਰੈਕਟਰ ਜਨਰਲ ਸਿਵਲ ਐਵੀਏਸ਼ਨ ਇਸ ਘਟਨਾ ਦੀ ਜਾਂਚ ਕਰ ਰਿਹਾ ਹੈ। ਯਾਤਰੀ ਦੇ ਮੁਤਾਬਕ ਕੁਝ ਲੋਕਾਂ ਨੂੰ ਜ਼ਿਆਦਾ ਸੱਟਾਂ ਆਈਆਂ ਹਨ, ਜਦਕਿ 70 ਤੋਂ 80% ਲੋਕਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਫਲਾਈਟ ਦੀਆਂ ਤਸਵੀਰਾਂ ਵੀ ਸਾਹਮਣੇ ਆਈਆਂ ਹਨ, ਜਿਨ੍ਹਾਂ ਵਿੱਚ ਉਸ ਦੀ ਸੀਲਿੰਗ ਦੇ ਪੈਨਲ ਵਿੱਚ ਤਰੇੜਾਂ ਦਿਖਾਈ ਦਿੱਤੀਆਂ।

# ਸਰਕਾਰ ਨੇ ਮੈਟਾ ਦੀ ਗਲੋਬਲ ਟੀਮ ਨੂੰ ਕੀਤਾ ਤਲਬ, ਮੰਗਿਆ ਸਪੱਸ਼ਟੀਕਰਨ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ




ਕੇਂਦਰ ਸਰਕਾਰ ਨੇ ਮੈਟਾ ਦੇ ਖ਼ਿਲਾਫ਼ ਸਖ਼ਤ ਰੁਖ਼ ਅਪਣਾਇਆ ਹੈ। ਸਰਕਾਰ ਨੇ ਕੰਪਨੀ ਦੀ ਗਲੋਬਲ ਟੀਮ ਨੂੰ ਭਾਰਤ ਤਲਬ ਕੀਤਾ ਹੈ ਅਤੇ 5 ਅਤੇ 6 ਅਗਸਤ ਨੂੰ ਅਧਿਕਾਰੀਆਂ ਸਾਹਮਣੇ ਪੇਸ਼ ਹੋਣ ਲਈ ਕਿਹਾ ਹੈ। ਇਸ ਬੈਠਕ ਵਿੱਚ ਸਰਕਾਰ ਪੂਰੇ ਮਾਮਲੇ 'ਤੇ ਮੈਟਾ ਤੋਂ ਜਵਾਬ ਮੰਗੇਗੀ ਅਤੇ ਵਿਵਾਦ ਨਾਲ ਜੁੜੇ ਸਾਰੇ ਪਹਿਲੂਆਂ 'ਤੇ ਚਰਚਾ ਕਰੇਗੀ। ਪਿਛਲੇ ਕੁਝ ਦਿਨਾਂ ਤੋਂ ਮੈਟਾ ਅਤੇ ਭਾਰਤ ਸਰਕਾਰ ਵਿਚਾਲੇ ਵਿਵਾਦ ਲਗਾਤਾਰ ਚਰਚਾ ਵਿੱਚ ਹੈ। ਮੰਨਿਆ ਜਾ ਰਿਹਾ ਹੈ ਕਿ ਇਹ ਬੈਠਕ ਹਾਲ ਹੀ ਵਿੱਚ ਫੇਸਬੁੱਕ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਇੱਕ ਵੀਡੀਓ ਪੋਸਟ ਦੇ ਕੁਝ ਸਮੇਂ ਲਈ ਹਟ ਜਾਣ ਦੇ ਵਿਵਾਦ ਤੋਂ ਬਾਅਦ ਤੈਅ ਕੀਤੀ ਗਈ ਹੈ। ਇਸ ਘਟਨਾ ਤੋਂ ਬਾਅਦ ਸਰਕਾਰ ਨੇ ਮੈਟਾਦੇ ਪਲੇਟਫਾਰਮਾਂ ਦੀ ਕੰਟੈਂਟ ਮੋਡਰੇਸ਼ਨ ਨੀਤੀਆਂ, ਆਟੋਮੇਟਿਡ ਸਿਸਟਮ ਅਤੇ ਬਿੱਗ-ਟੈੱਕ ਕੰਪਨੀਆਂ ਦੀ ਜਵਾਬਦੇਹੀ 'ਤੇ ਨਿਗਰਾਨੀ ਸਖ਼ਤ ਕਰ ਦਿੱਤੀ ਹੈ। ਦੱਸ ਦਈਏ ਕਿ ਪੀਐੱਮ ਮੋਦੀ ਨੇ 23 ਜੁਲਾਈ ਨੂੰ ਪੇਪਰ ਲੀਕ ਨੂੰ ਗੰਭੀਰ ਮੁੱਦਾ ਦੱਸਦਿਆਂ ਇੱਕ ਵੀਡੀਓ ਜਾਰੀ ਕੀਤਾ ਸੀ। ਇਸ ਨੂੰ ਮੈਟਾ ਨੇ ਹਟਾ ਦਿੱਤਾ ਸੀ। ਪਰ ਬਾਅਦ ਵਿੱਚ ਉਸ ਨੂੰ ਰੀਸਟੋਰ ਕਰ ਦਿੱਤਾ ਗਿਆ। ਮੈਟਾ ਨੇ ਆਪਣੀ ਸਫ਼ਾਈ ਵਿੱਚ ਕਿਹਾ ਕਿ ਅਸਲ ਵਿੱਚ, ਇਹ ਇੱਕ ਤਕਨੀਕੀ ਖ਼ਰਾਬੀ ਸੀ।


# ਗੈਂਗਸਟਰਾਂ 'ਤੇ ਵਾਰ ਦਾ 196ਵਾਂ ਦਿਨ: ਪੰਜਾਬ ਪੁਲਿਸ ਵੱਲੋਂ 676 ਥਾਈਂ ਛਾਪੇਮਾਰੀ: 516 ਕਾਬੂ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਸੂਬੇ ਵਿੱਚ ਚੱਲ ਰਹੀ ਮੁਹਿੰਮ 'ਗੈਂਗਸਟਰਾਂ 'ਤੇ ਵਾਰ' ਦੇ 195ਵੇਂ ਦਿਨ ਪੰਜਾਬ ਪੁਲਿਸ ਨੇ ਅੱਜ ਰਾਜ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਅਤੇ ਮੈਪ ਕੀਤੇ 676 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਜ਼ਿਕਰਯੋਗ ਹੈ ਕਿ 'ਗੈਂਗਸਟਰਾਂ 'ਤੇ ਵਾਰ'- ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਫੈਸਲਾਕੁੰਨ ਜੰਗ, ਜੋ 20 ਜਨਵਰੀ, 2026 ਨੂੰ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਵੱਲੋਂ ਸ਼ੁਰੂ ਕੀਤੀ ਗਈ ਸੀ। ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸਾਰੇ ਜ਼ਿਲ੍ਹਿਆਂ ਦੀਆਂ ਪੁਲਿਸ ਟੀਮਾਂ ਰਾਜ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕਰ ਰਹੀਆਂ ਹਨ। 196ਵੇਂ ਦਿਨ, ਪੁਲਿਸ ਟੀਮਾਂ ਨੇ ਛੇ ਹਥਿਆਰਾਂ ਸਮੇਤ 516 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਬਾਅਦ ਕੁੱਲ ਗ੍ਰਿਫ਼ਤਾਰੀਆਂ 56,455 ਹੋ ਗਈਆਂ। ਇਸ ਤੋਂ ਇਲਾਵਾ 308 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ ਹੈ। ਪੁਲਿਸ ਟੀਮਾਂ ਨੇ ਕਾਰਵਾਈ ਦੌਰਾਨ 12 ਭਗੌੜੇ ਅਪਰਾਧੀਆਂ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ। ਲੋਕ, ਐਂਟੀ ਗੈਂਗਸਟਰ ਹੈਲਪਲਾਈਨ ਨੰਬਰ 93946-93946 ਰਾਹੀਂ ਲੋੜੀਂਦੇ ਅਪਰਾਧੀਆਂ ਅਤੇ ਗੈਂਗਸਟਰਾਂ ਗੁਪਤ ਰੂਪ ਵਿੱਚ ਰਿਪੋਰਟ ਕਰ ਸਕਦੇ ਹਨ ਅਤੇ ਅਪਰਾਧ ਅਤੇ ਅਪਰਾਧਿਕ ਗਤੀਵਿਧੀਆਂ ਬਾਰੇ ਸੂਹ ਵੀ ਦੇ ਸਕਦੇ ਹਨ। ਇਸ ਦੌਰਾਨ, ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਨੂੰ 521ਵੇਂ ਦਿਨ ਵੀ ਜਾਰੀ ਰੱਖਦਿਆਂ, ਅੱਜ 106 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 2.1 ਕਿਲੋ ਹੈਰੋਇਨ, 500 ਗ੍ਰਾਮ ਅਫੀਮ, 4 ਕਿਲੋ ਭੁੱਕੀ, 676 ਨਸ਼ੀਲੀਆਂ ਗੋਲੀਆਂ ਅਤੇ 5810 ਰੁਪਏ ਡਰੱਗ ਮਨੀ ਬਰਾਮਦ ਕੀਤੀ ਗਈ। ਇਸ ਨਾਲ ਸਿਰਫ 521 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 75,358 ਹੋ ਗਈ ਹੈ।




SANJHA ਪੰਜਾਬ USA
SANJHA PUNJAB USA
PRESENTS
Sufi Sham
with
HANSRAJ HANS
LIVE IN USA
HANSRAJ HANS
USA TOUR
2026
SEPT 5TH, 2026 (SATURDAY) | AT 8:00 PM
The Space at Westburry
250 Post Ave, Westbury, NY 11590
BRING YOUR FAMILY & FRIENDS
DON'T MISS IT!
FOR MORE INFO:
S. Balwinder S. Bajwa | +1 (516) 852-2222




# ਗੁਰਦੁਆਰਾ ਸਾਹਿਬ San Jose

## ਕੈਲੀਫੋਰਨੀਆ (USA)

## ਅਗਸਤ 2026 ਦੇ ਵਿਸ਼ੇਸ਼ ਧਾਰਮਿਕ ਸਮਾਗਮ

**2 ਅਗਸਤ 2026 (ਐਤਵਾਰ)**
ਸਵੇਰੇ 11:30 AM – 12:30 PM
ਹਜ਼ੂਰੀ ਰਾਗੀ ਭਾਈ ਭੁਪਿੰਦਰ ਸਿੰਘ ਜੀ (ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ)
ਵੱਲੋਂ ਵਿਸ਼ੇਸ਼ ਗੁਰਬਾਣੀ ਕੀਰਤਨ

**7 ਅਗਸਤ 2026**
ਧੰਨ-ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪਾਵਨ ਪ੍ਰਕਾਸ਼ ਪੁਰਬ
ਸਵੇਰ ਦੇ ਦੀਵਾਨ : 10:40 AM ਤੱਕ ਸ਼ਾਮ ਦੇ ਦੀਵਾਨ : 8:45 PM ਤੱਕ
**ਕੀਰਤਨ • ਕਥਾ • ਗੁਰਮਤਿ ਵੀਚਾਰ**

**22 ਅਗਸਤ 2026 (ਸ਼ਨੀਵਾਰ)**
7ਵੀਂ ਸਾਲਾਨਾ Sikh Heritage NightPayPal Park, San Jose
ਸਮਾਂ: 7:30 PM
San Jose Earthquakes vs Minnesota United FC
ਟਿਕਟ: $42 (ਫ੍ਰੀ ਬੈਗ ਸਮੇਤ)

**ਵਿਸ਼ਾਲ ਗੁਰਮਤਿ ਸਮਾਗਮ**
ਹਜ਼ੂਰੀ: ਭਾਈ ਰਣਜੀਤ ਸਿੰਘ ਜੀ ਖਾਲਸਾ (ਢੱਡਰੀਆਂ ਵਾਲੇ)
ਮਿਤੀਆਂ ਤੇ ਸਮਾਂ:-
7 & 8 ਅਗਸਤ 2026 ਸ਼ਾਮ 6:00 PM – 9:00 PM
9 ਅਗਸਤ 2026 ਸਵੇਰੇ 11:00 AM – 2:00 PM













**Address : 3636 Gurdwara Ave, San Jose, CA, 95148**
www.sanjosegurdwara.com

ਵਧੇਰੇ ਜਾਣਕਾਰੀ / ਟਿਕਟਾਂ ਲਈ ਸੰਪਰਕ ਕਰੋ Gurdwara Sahib: (408) 274-9373 ਜਸਵਿੰਦਰ ਸਿੰਘ ਜਿੰਜਰ ਜੀ: (408) 772-4211

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੈਮਿਓਪੈਥਿਕ ਕਨਸਲਟੈਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.

## HOMEOPATHIC NATURAL MEDICINES

**When Tired of All Treatments,
For any Disease, at any Age
Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician
Since 1973
DHMS-Gold Medalist,
BAMS, MDEH
Ex-Prof, Principal &
CMO Medical
Colleges/Hospitals in
India**

**(408) 687-1899 (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**

# ਗੁਰੂ ਦੀ ਗੋਲਕ ਨੂੰ ਹਰ ਸਾਲ 1.6 ਕਰੋੜ ਰੁਪਏ ਦਾ ਨੁਕਸਾਨ, ਸ਼੍ਰੋਮਣੀ ਕਮੇਟੀ ਦੇ ਸਪਸ਼ਟੀਕਰਨ ਨੇ ਕਿਸੇ ਸਵਾਲ ਦਾ ਜਵਾਬ ਨਹੀਂ ਦਿੱਤਾ, ਸਗੋਂ ਨਵੇਂ ਸਵਾਲ ਖੜ੍ਹੇ ਕਰ ਦਿੱਤੇ ਹਨ- ਭਾਈ ਦਵਿੰਦਰ ਸਿੰਘ ਸੋਢੀ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਮੁੱਖ ਬੁਲਾਰੇ ਅਤੇ ਜਨਰਲ ਸਕੱਤਰ ਭਾਈ ਦਵਿੰਦਰ ਸਿੰਘ ਸੋਢੀ ਨੇ ਕਿਹਾ ਕਿ ਬੀਤੇ ਕੱਲ੍ਹ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਸੀਨੀਅਰ ਮੀਤ ਪ੍ਰਧਾਨ ਅਤੇ ਮੁੱਖ ਬੁਲਾਰੇ ਭਾਈ ਕਰਨੈਲ ਸਿੰਘ ਪੀਰ ਮੁਹੰਮਦ ਨੇ ਜੋ ਪ੍ਰੈੱਸ ਕਾਨਫਰੰਸ ਕਰਕੇ ਤੱਥਾਂ ਸਮੇਤ ਸਬੂਤ ਪੇਸ਼ ਕੀਤੇ ਸਨ, ਉਸ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਹ ਸਪੱਸ਼ਟ ਕਰ ਦੇਣਾ ਚਾਹੀਦਾ ਹੈ ਕਿ ਉਹ ਸਤਿੰਦਰ ਸਿੰਘ ਕੋਹਲੀ ਅਤੇ ਇੱਕ ਨਿੱਜੀ ਚੈਨਲ ਕੋਲੋਂ ਪੈਸੇ ਕਦੋਂ ਜਮ੍ਹਾਂ ਕਰਵਾ ਰਹੇ ਹਨ ਜੋ ਉਨ੍ਹਾਂ ਵੱਲ ਬਕਾਇਆ ਚੱਲ ਰਹੇ ਹਨ, ਜਿਸ ਦੀ ਅਮਾਊਂਟ ਤਕਰੀਬਨ ਸਾਢੇ ਤੇਰਾਂ ਕਰੋੜ ਰੁਪਏ ਬਣਦੀ ਹੈ।

ਉਨ੍ਹਾਂ ਅੱਗੇ ਕਿਹਾ ਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਸਰਦਾਰ ਕੁਲਵੰਤ ਸਿੰਘ ਮੰਨਣ ਵੱਲੋਂ ਜਾਰੀ ਕੀਤੇ ਗਏ ਬਿਆਨ ਲਈ ਉਨ੍ਹਾਂ ਦੇ ਧੰਨਵਾਦੀ ਹਨ, ਕਿਉਂਕਿ ਉਸ ਵਿੱਚ ਲਿਖਤੀ ਰੂਪ ਵਿੱਚ ਉਹ ਗੱਲਾਂ ਮੰਨ ਲਈਆਂ ਗਈਆਂ ਹਨ, ਜਿਨ੍ਹਾਂ ਨੂੰ ਪਾਰਟੀ ਆਪਣੇ ਪੱਧਰ ਉੱਤੇ ਸਾਬਤ ਨਹੀਂ ਕਰ ਸਕਦੀ ਸੀ।

ਭਾਈ ਸੋਢੀ ਨੇ ਵਿਸ਼ੇਸ਼ ਤੌਰ ‘ਤੇ ਮੰਗ ਕੀਤੀ ਕਿ ਸ਼੍ਰੋਮਣੀ ਕਮੇਟੀ ਉਹ ਇਕਰਾਰਨਾਮਾ ਅਤੇ ਦਸਤਾਵੇਜ਼ ਜਨਤਕ ਕਰੇ, ਜਿਸ ਅਧੀਨ ਜਨਰਲ ਹਾਊਸ ਜਾਂ ਅੰਤਰਿੰਗ ਕਮੇਟੀ (ਐਗਜ਼ੈਕਟਿਵ) ਵਿੱਚ ਮਤਾ ਲਿਆ ਕੇ ਪੁਰਾਣੇ ਸਮਝੌਤੇ ਨੂੰ ਰੱਦ ਕੀਤਾ ਗਿਆ ਸੀ ਜਾਂ ਇਸ ਨਵੇਂ ਪ੍ਰਬੰਧ ਨੂੰ ਪ੍ਰਵਾਨਗੀ ਦਿੱਤੀ ਗਈ ਸੀ।

ਪਹਿਲੀ ਸਵੀਕਾਰੋਕਤੀ: ਜੁਲਾਈ 2023 ਤੋਂ ਬਾਅਦ ਕੋਈ ਸਮਝੌਤਾ ਮੌਜੂਦ ਨਹੀਂ ਹੈ

“ਮੁੱਖ ਸਕੱਤਰ ਨੇ ਖ਼ੁਦ ਲਿਖਿਆ ਹੈ ਕਿ ਸਮਝੌਤਾ ਜੁਲਾਈ 2023 ਵਿੱਚ ਸਮਾਪਤ ਹੋ ਗਿਆ ਸੀ। ਫਿਰ ਪਿਛਲੇ ਤਿੰਨ ਸਾਲਾਂ ਤੋਂ ਇੱਕ ਨਿੱਜੀ ਚੈਨਲ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਦਾ ਪ੍ਰਸਾਰਣ ਕਿਸ ਕਾਨੂੰਨੀ ਦਸਤਾਵੇਜ਼ ਦੇ ਆਧਾਰ ਉੱਤੇ ਕਰ ਰਿਹਾ ਹੈ? ਨਾ ਕੋਈ ਸਮਝੌਤਾ ਹੈ, ਨਾ ਟੈਂਡਰ ਹੈ ਅਤੇ ਨਾ ਹੀ ਕੋਈ ਫ਼ੀਸ ਦਿੱਤੀ ਗਈ ਹੈ। ਸੰਗਤ ਦੀ ਸਭ ਤੋਂ ਪਵਿੱਤਰ ਧਰੋਹਰ ਇੱਕ ਚੈਨਲ ਦੇ ਹਵਾਲੇ ਬਿਨਾਂ ਕਿਸੇ ਦਸਤਾਵੇਜ਼ ਦੇ ਕਰ ਦਿੱਤੀ ਗਈ ਹੈ। ਕੀ ਇਹ ਸਪੱਸ਼ਟੀਕਰਨ ਹੈ ਜਾਂ ਇਕਬਾਲੀਆ ਬਿਆਨ?”

ਦੂਜੀ ਸਵੀਕਾਰੋਕਤੀ: ਸਾਰਾ ਹਿਸਾਬ ਉਨ੍ਹਾਂ ਦੇ ਆਪਣੇ ਬਿਆਨ ਵਿੱਚੋਂ ਹੀ ਨਿਕਲਦਾ ਹੈ

“ਮੁੱਖ ਸਕੱਤਰ ਦਾ ਕਹਿਣਾ ਹੈ ਕਿ ਵੱਖ-ਵੱਖ ਕੰਪਨੀਆਂ ਸੈੱਟਅੱਪ ਲਈ ਵੱਡੀ ਮਹੀਨਾਵਾਰ ਰਕਮ ਦੀ ਮੰਗ ਕਰ ਰਹੀਆਂ ਸਨ। ਅਸੀਂ ਉਹ ਅੰਕੜਾ ਸਾਹਮਣੇ ਰੱਖਦੇ ਹਾਂ। ਅੰਸ਼ਾਨੁਕ੍ਰਿਤੀ ਇੰਟਰਪ੍ਰਾਈਜ਼ਿਜ਼ ਨੇ ਪ੍ਰਤੀ ਮਹੀਨਾ 10 ਲੱਖ ਰੁਪਏ ਦੀ ਮੰਗ ਕੀਤੀ ਸੀ, ਭਾਵ ਇੱਕ ਸਾਲ ਲਈ 1.2 ਕਰੋੜ ਰੁਪਏ।”

“ਹੁਣ ਹਿਸਾਬ ਲਗਾਓ। ਸਾਲ 2023 ਤੱਕ ਗੋਲਕ ਵਿੱਚ ਹਰ ਸਾਲ 2 ਕਰੋੜ ਰੁਪਏ ਆਉਂਦੇ ਸਨ। ਸਾਲ 2023 ਤੋਂ ਬਾਅਦ ਇਹ ਰਕਮ ਸਿਫ਼ਰ ਹੋ ਗਈ। ਇਸ ਦੇ ਬਦਲੇ ਵਿੱਚ ਸ਼੍ਰੋਮਣੀ ਕਮੇਟੀ ਨੂੰ ਅਜਿਹੀ ਸੇਵਾ ਮਿਲ ਰਹੀ ਹੈ, ਜਿਸ ਦੀ ਕੀਮਤ ਉਸ ਦੇ ਆਪਣੇ ਬਿਆਨ ਅਨੁਸਾਰ 1.2 ਕਰੋੜ ਰੁਪਏ ਸਾਲਾਨਾ ਹੈ। ਕੀ ਇਹ ਸੌਦਾ ਗੋਲਕ ਦੇ ਹੱਕ ਵਿੱਚ ਹੈ ਜਾਂ ਚੈਨਲ ਦੇ ਹੱਕ ਵਿੱਚ? ਅਤੇ ਇਸ ਦੇ ਬਦਲੇ ਚੈਨਲ ਨੂੰ ਮਿਲੇ ਏਕਾਧਿਕਾਰ ਦੀ ਬਾਜ਼ਾਰੀ ਕੀਮਤ ਕਿੰਨੀ ਹੈ? ਸੰਗਤ ਨੂੰ ਇਹ ਵੀ ਦੱਸਿਆ ਜਾਣਾ ਚਾਹੀਦਾ ਹੈ।”

ਤੀਜਾ ਮੁੱਦਾ: ਕਦੇ ਵੀ ਕੋਈ ਜਨਤਕ ਸੱਦਾ ਜਾਰੀ ਨਹੀਂ ਕੀਤਾ ਗਿਆ

“ਮੁੱਖ ਸਕੱਤਰ ਕਹਿੰਦੇ ਹਨ ਕਿ ਵੱਖ-ਵੱਖ ਕੰਪਨੀਆਂ ਨਾਲ ਚਰਚਾ ਕੀਤੀ ਗਈ ਸੀ। ਸਵਾਲ ਇਹ ਹੈ ਕਿ ਉਹ ਕੰਪਨੀਆਂ ਕਿਹੜੀਆਂ ਸਨ? ਉਨ੍ਹਾਂ ਨਾਲ ਕਿਹੜੀਆਂ ਤਾਰੀਖ਼ਾਂ ਨੂੰ ਸੰਪਰਕ ਕੀਤਾ ਗਿਆ? ਇਸ਼ਤਿਹਾਰ ਕਿਹੜੇ ਅਖ਼ਬਾਰ ਵਿੱਚ ਛਪਿਆ? ਕਿਹੜੇ ਟੈਲੀਵਿਜ਼ਨ ਚੈਨਲਾਂ ਨੂੰ ਪ੍ਰਸਤਾਵ ਦੇਣ ਲਈ ਸੱਦਾ ਦਿੱਤਾ ਗਿਆ?”

“ਸੱਚਾਈ ਇਹ ਹੈ ਕਿ ਕਿਸੇ ਵੀ ਪੰਜਾਬੀ ਚੈਨਲ ਨੂੰ ਜਨਤਕ ਤੌਰ ਉੱਤੇ ਸੱਦਾ ਨਹੀਂ ਦਿੱਤਾ ਗਿਆ। ਜਿਨ੍ਹਾਂ ਕੰਪਨੀਆਂ ਨਾਲ ਸੰਪਰਕ ਕਰਨ ਦੀ ਗੱਲ ਕੀਤੀ ਜਾ ਰਹੀ ਹੈ, ਉਨ੍ਹਾਂ ਵਿੱਚੋਂ ਕਈ ਅੱਜ ਮੌਜੂਦ ਵੀ ਨਹੀਂ ਹਨ। ਜਿਸ ਅੰਸ਼ਾਨੁਕ੍ਰਿਤੀ ਇੰਟਰਪ੍ਰਾਈਜ਼ਿਜ਼ ਨੂੰ ਇਹ ਕੰਮ ਦਿੱਤਾ ਗਿਆ, ਉਸ ਬਾਰੇ ਕਿਹਾ ਜਾਂਦਾ ਹੈ ਕਿ ਉਸ ਦਾ ਸਬੰਧ ਬਾਦਲ ਪਰਿਵਾਰ ਦੇ ਇੱਕ ਪੁਰਾਣੇ ਸਹਿਯੋਗੀ ਨਾਲ ਹੈ।”

“ਸੰਗਤ ਨੂੰ ਇੱਕ ਹੋਰ ਗੱਲ ਜਾਣਨੀ ਚਾਹੀਦੀ ਹੈ। ਸਾਡੀ ਜਾਣਕਾਰੀ ਅਨੁਸਾਰ, ਸਾਲ 2023 ਵਿੱਚ ਜਿਨ੍ਹਾਂ ਕੰਪਨੀਆਂ ਨੂੰ ਗੱਲਬਾਤ ਲਈ ਸੱਦਾ ਦਿੱਤਾ ਗਿਆ ਸੀ, ਉਨ੍ਹਾਂ ਵਿੱਚੋਂ ਕਿਸੇ ਇੱਕ ਕੋਲ ਵੀ ਗੁਰਬਾਣੀ ਦੇ ਸਿੱਧੇ ਪ੍ਰਸਾਰਣ ਦਾ ਕੋਈ ਤਜਰਬਾ ਨਹੀਂ ਸੀ।”“ਇਸ ਗੱਲ ਦੇ ਅਰਥ ਨੂੰ ਸਮਝੋ। ਜਿਸ ਤੁਲਨਾ ਦੇ ਆਧਾਰ ਉੱਤੇ ਇਸ ਪੂਰੇ ਪ੍ਰਬੰਧ ਨੂੰ ਜਾਇਜ਼ ਠਹਿਰਾਇਆ ਜਾ ਰਿਹਾ ਹੈ, ਉਹ ਤੁਲਨਾ ਅਸਲ ਵਿੱਚ ਕਦੇ ਸੀ ਹੀ ਨਹੀਂ। ਉਨ੍ਹਾਂ ਕੰਪਨੀਆਂ ਤੋਂ ਕੀਮਤਾਂ ਪੁੱਛੀਆਂ ਗਈਆਂ, ਜਿਹੜੀਆਂ ਇਹ ਕੰਮ ਕਰ ਹੀ ਨਹੀਂ ਸਕਦੀਆਂ ਸਨ, ਅਤੇ ਹੁਣ ਉਨ੍ਹਾਂ ਹੀ ਅੰਕੜਿਆਂ ਦਾ ਹਵਾਲਾ ਦੇ ਕੇ ਕਿਹਾ ਜਾ ਰਿਹਾ ਹੈ ਕਿ ਦੂਜਾ ਵਿਕਲਪ ਬਹੁਤ ਮਹਿੰਗਾ ਸੀ। ਇਹ ਕੋਈ ਤੁਲਨਾ ਨਹੀਂ ਹੈ, ਸਗੋਂ ਇੱਕ ਬਹਾਨਾ ਹੈ।”

“ਉਸ ਵੇਲੇ ਵੀ ਪੰਜਾਬ ਵਿੱਚ ਅਜਿਹੇ ਚੈਨਲ ਮੌਜੂਦ ਸਨ ਅਤੇ ਅੱਜ ਵੀ ਹਨ, ਜਿਨ੍ਹਾਂ ਕੋਲ ਧਾਰਮਿਕ ਪ੍ਰਸਾਰਣ ਦਾ ਲੰਬਾ ਤਜਰਬਾ, ਮਰਿਆਦਾ ਦੀ ਪੂਰੀ ਸਮਝ ਅਤੇ ਆਪਣਾ ਢਾਂਚਾ ਮੌਜੂਦ ਹੈ। ਉਨ੍ਹਾਂ ਵਿੱਚੋਂ ਇੱਕ ਨੂੰ ਵੀ ਕਿਉਂ ਨਹੀਂ ਪੁੱਛਿਆ ਗਿਆ? ਸ਼੍ਰੋਮਣੀ ਕਮੇਟੀ ਸੰਗਤ ਨੂੰ ਦੱਸੇ ਕਿ ਉਸ ਵੱਲੋਂ ਸੰਪਰਕ ਕੀਤੀਆਂ ਗਈਆਂ ਕੰਪਨੀਆਂ ਵਿੱਚੋਂ ਕਿਸ ਨੇ ਪਹਿਲਾਂ ਕਿਸੇ ਗੁਰਦੁਆਰਾ ਸਾਹਿਬ ਤੋਂ ਸਿੱਧਾ ਪ੍ਰਸਾਰਣ ਕੀਤਾ ਸੀ।”

ਚੌਥਾ ਮੁੱਦਾ: ਕਿਹੜਾ ਸੈੱਟਅੱਪ ਲਗਾਇਆ ਗਿਆ ਅਤੇ ਉਸ ਦੀ ਅਸਲ ਲਾਗਤ ਕਿੰਨੀ ਹੈ?

“ਬਿਆਨ ਵਿੱਚ ਕਿਹਾ ਗਿਆ ਹੈ ਕਿ ਪੀਟੀਸੀ ਨੇ ਆਪਣਾ ਸੈੱਟਅੱਪ ਲਗਾਇਆ ਹੈ। ਸਾਡੀ ਜਾਣਕਾਰੀ ਅਨੁਸਾਰ ਕੋਈ ਨਵਾਂ ਸਾਜ਼ੋ-ਸਾਮਾਨ ਨਹੀਂ ਲਗਾਇਆ ਗਿਆ ਅਤੇ ਅੱਜ ਵੀ ਸਾਰਾ ਸਾਮਾਨ ਕਿਰਾਏ ਉੱਤੇ ਲਿਆ ਜਾਂਦਾ ਹੈ। ਜੇ ਸਾਜ਼ੋ-ਸਾਮਾਨ ਕਿਰਾਏ ਦਾ ਹੈ, ਤਾਂ ਆਪਣੇ ਸੈੱਟਅੱਪ ਦੀ ਦਲੀਲ ਆਪਣੇ ਆਪ ਢਹਿ ਜਾਂਦੀ ਹੈ।”“ਸਾਡੀ ਜਾਣਕਾਰੀ ਮੁਤਾਬਕ ਪੀਟੀਸੀ ਵੱਲੋਂ ਕਿਰਾਏ ਉੱਤੇ ਲਏ ਗਏ ਸਾਮਾਨ ਦਾ ਖ਼ਰਚ ਤਿੰਨ ਲੱਖ ਰੁਪਏ ਪ੍ਰਤੀ ਮਹੀਨਾ ਤੋਂ ਵੱਧ ਨਹੀਂ ਹੈ, ਭਾਵ ਲਗਭਗ 36 ਲੱਖ ਰੁਪਏ ਸਾਲਾਨਾ।”

“ਹੁਣ ਸਾਰਾ ਹਿਸਾਬ ਸੰਗਤ ਦੇ ਸਾਹਮਣੇ ਹੈ। ਗੋਲਕ ਨੇ ਸਾਲਾਨਾ ਦੋ ਕਰੋੜ ਰੁਪਏ ਦੀ ਆਮਦਨ ਛੱਡ ਦਿੱਤੀ। ਇਸ ਦੇ ਬਦਲੇ ਵਿੱਚ ਜਿਹੜੀ ਸੇਵਾ ਪ੍ਰਾਪਤ ਹੋ ਰਹੀ ਹੈ, ਉਸ ਦੀ ਅਸਲ ਲਾਗਤ ਲਗਭਗ 36 ਲੱਖ ਰੁਪਏ ਸਾਲਾਨਾ ਹੈ। ਇਸ ਦਾ ਅਰਥ ਹੈ ਕਿ ਗੁਰੂ ਦੀ ਗੋਲਕ ਨੂੰ ਹਰ ਸਾਲ 1.6 ਕਰੋੜ ਰੁਪਏ ਤੋਂ ਵੱਧ ਦਾ ਸਿੱਧਾ ਨੁਕਸਾਨ ਹੋ ਰਿਹਾ ਹੈ। ਤਿੰਨ ਸਾਲਾਂ ਵਿੱਚ ਇਹ ਰਕਮ ਪੰਜ ਕਰੋੜ ਰੁਪਏ ਤੋਂ ਵੱਧ ਬਣਦੀ ਹੈ।”

“ਇਹ ਤਾਂ ਸਿਰਫ਼ ਖ਼ਰਚੇ ਦਾ ਹਿਸਾਬ ਹੈ। ਇਸ ਦੇ ਬਦਲੇ ਵਿੱਚ ਚੈਨਲ ਨੂੰ ਮਿਲਣ ਵਾਲਾ ਏਕਾਧਿਕਾਰ, ਟੀਆਰਪੀ ਅਤੇ ਇਸ਼ਤਿਹਾਰਾਂ ਤੋਂ ਹੋਣ ਵਾਲੀ ਆਮਦਨ ਇਸ ਤੋਂ ਕਈ ਗੁਣਾ ਵੱਧ ਹੈ। 36 ਲੱਖ ਰੁਪਏ ਦਾ ਖ਼ਰਚ ਅਤੇ ਇਸ ਦੇ ਬਦਲੇ ਸ੍ਰੀ ਹਰਿਮੰਦਰ ਸਾਹਿਬ ਦੀ ਗੁਰਬਾਣੀ ਉੱਤੇ ਪੂਰਾ ਨਿਯੰਤਰਣ। ਕੀ ਇਹ ਸੇਵਾ ਹੈ ਜਾਂ ਸੌਦਾ?”

ਪੰਜਵਾਂ ਅਤੇ ਸਭ ਤੋਂ ਮਹੱਤਵਪੂਰਨ ਮੁੱਦਾ: ਸੇਵਾ ਦੇਣਾ ਅਤੇ ਏਕਾਧਿਕਾਰ ਹਾਸਲ ਕਰਨਾ ਦੋ ਵੱਖਰੀਆਂ ਗੱਲਾਂ ਹਨ

“ਮੰਨ ਲਓ ਕਿ ਪੀਟੀਸੀ ਮੁਫ਼ਤ ਸੇਵਾ ਦੇ ਰਿਹਾ ਹੈ। ਇਸ ਦਾ ਅਰਥ ਇਹ ਨਹੀਂ ਕਿ ਉਸ ਨੂੰ ਏਕਾਧਿਕਾਰ ਵੀ ਮਿਲ ਜਾਵੇ। ਕੈਮਰੇ ਲਗਾਉਣ ਵਾਲਾ ਵਿਅਕਤੀ ਪ੍ਰਸਾਰਣ ਦਾ ਮਾਲਕ ਨਹੀਂ ਬਣ ਜਾਂਦਾ।”

“ਅਸੀਂ ਸ਼੍ਰੋਮਣੀ ਕਮੇਟੀ ਨੂੰ ਖੁੱਲ੍ਹੀ ਚੁਣੌਤੀ ਦਿੰਦੇ ਹਾਂ ਕਿ ਜੇ ਮੁਫ਼ਤ ਸੇਵਾ ਹੀ ਮਾਪਦੰਡ ਹੈ, ਤਾਂ ਅੱਜ ਹੀ ਜਨਤਕ ਸੱਦਾ ਜਾਰੀ ਕੀਤਾ ਜਾਵੇ। ਕਈ ਪੰਜਾਬੀ ਚੈਨਲ ਆਪਣਾ ਸਾਜ਼ੋ-ਸਾਮਾਨ, ਆਪਣਾ ਅਮਲਾ ਅਤੇ ਸਾਰਾ ਖ਼ਰਚ ਆਪਣੇ ਸਿਰ ਲੈਣ ਲਈ ਤਿਆਰ ਹਨ। ਉਹ ਵੀ ਪੂਰੀ ਮਰਿਆਦਾ, ਬਿਨਾਂ ਇਸ਼ਤਿਹਾਰਾਂ ਅਤੇ ਬਿਨਾਂ ਟਿੱਕਰਾਂ ਦੇ। ਕੀ ਸ਼੍ਰੋਮਣੀ ਕਮੇਟੀ ਉਨ੍ਹਾਂ ਨੂੰ ਵੀ ਪ੍ਰਸਾਰਣ ਦਾ ਅਧਿਕਾਰ ਦੇਵੇਗੀ?”

ਛੇਵਾਂ ਮੁੱਦਾ: ਇੱਕ ਆਰਜ਼ੀ ਪ੍ਰਬੰਧ ਤਿੰਨ ਸਾਲਾਂ ਤੱਕ ਕਿਵੇਂ ਜਾਰੀ ਰਿਹਾ?

“ਮੁੱਖ ਸਕੱਤਰ ਖ਼ੁਦ ਲਿਖਦੇ ਹਨ ਕਿ ਜਥੇਦਾਰ ਸਾਹਿਬ ਦੇ ਪੱਤਰ ਦੇ ਆਧਾਰ ਉੱਤੇ ਪ੍ਰਸਾਰਣ ਜਾਰੀ ਰੱਖਣ ਦਾ ਫ਼ੈਸਲਾ ਕੀਤਾ ਗਿਆ ਸੀ। ਇਹ ਸਿਰਫ਼ ਇੱਕ ਅਸਥਾਈ ਪ੍ਰਬੰਧ ਸੀ, ਜਦੋਂ ਤੱਕ ਸ਼੍ਰੋਮਣੀ ਕਮੇਟੀ ਆਪਣਾ ਚੈਨਲ ਸ਼ੁਰੂ ਨਹੀਂ ਕਰ ਲੈਂਦੀ। ਤਿੰਨ ਸਾਲ ਬੀਤ ਗਏ। ਇਸ ਮਕਸਦ ਲਈ ਕਿੰਨੀ ਰਕਮ ਰੱਖੀ ਗਈ? ਕਿਹੜਾ ਮਤਾ ਪਾਸ ਕੀਤਾ ਗਿਆ? ਕੁਝ ਵੀ ਨਹੀਂ।”

ਸੱਤਵਾਂ ਮੁੱਦਾ: ਉਸ ਸਵਾਲ ਦਾ ਕੋਈ ਜਵਾਬ ਨਹੀਂ ਦਿੱਤਾ ਗਿਆ, ਜੋ ਸਭ ਤੋਂ ਅਹਿਮ ਸੀ

“ਸਾਡਾ ਮੁੱਖ ਸਵਾਲ ਇਹ ਸੀ ਕਿ ਜਦੋਂ ਹਜ਼ਾਰਾਂ ਚੈਨਲ ਸ਼੍ਰੋਮਣੀ ਕਮੇਟੀ ਦੀ ਯੂਟਿਊਬ ਅਤੇ ਫੇਸਬੁੱਕ ਫੀਡ ਨੂੰ ਬਿਨਾਂ ਕਿਸੇ ਰੁਕਾਵਟ ਦੇ ਸਾਂਝਾ ਕਰਦੇ ਹਨ, ਤਾਂ ਫਿਰ ਉਹੀ ਫੀਡ ਟੈਲੀਵਿਜ਼ਨ ਚੈਨਲਾਂ ਨੂੰ ਕਿਉਂ ਨਹੀਂ ਦਿੱਤੀ ਜਾਂਦੀ?”



ਅੱਠਵਾਂ ਮੁੱਦਾ: ਕੋਹਲੀ ਦੇ ਮਾਮਲੇ ਉੱਤੇ ਪੂਰੀ ਚੁੱਪ

“ਸਾਡਾ ਸਭ ਤੋਂ ਗੰਭੀਰ ਦੋਸ਼ ਇਹ ਸੀ ਕਿ ਸੀਏ ਸਤਿੰਦਰ ਕੋਹਲੀ ਤੋਂ 7.5 ਕਰੋੜ ਰੁਪਏ ਦੀ ਵਸੂਲੀ ਪਿਛਲੇ ਦਸ ਸਾਲਾਂ ਤੋਂ ਰੁਕੀ ਹੋਈ ਹੈ। ਮੁੱਖ ਸਕੱਤਰ ਦੇ ਪੂਰੇ ਬਿਆਨ ਵਿੱਚ ਇੱਕ ਵਾਰ ਵੀ ਉਨ੍ਹਾਂ ਦਾ ਨਾਮ ਨਹੀਂ ਲਿਆ ਗਿਆ। ਚੁੱਪੀ ਬਹੁਤ ਕੁਝ ਬਿਆਨ ਕਰਦੀ ਹੈ।”

ਸਾਡੀ ਮੰਗ ਅੱਜ ਵੀ ਉਹੀ ਹੈ

ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਉਹ ਸਾਲ 2023 ਦੀ ਪੂਰੀ ਪ੍ਰਕਿਰਿਆ ਦੇ ਦਸਤਾਵੇਜ਼, ਸੰਪਰਕ ਕੀਤੀਆਂ ਗਈਆਂ ਕੰਪਨੀਆਂ ਦੇ ਨਾਮ, ਉਨ੍ਹਾਂ ਦੇ ਪ੍ਰਸਤਾਵ, ਗੁਰਬਾਣੀ ਪ੍ਰਸਾਰਣ ਦੇ ਖੇਤਰ ਵਿੱਚ ਉਨ੍ਹਾਂ ਦੇ ਤਜਰਬੇ, ਅੰਸ਼ਾਨੁਕ੍ਰਿਤੀ ਇੰਟਰਪ੍ਰਾਈਜ਼ਿਜ਼ ਨੂੰ ਦਿੱਤਾ ਗਿਆ ਕਾਰਜ ਆਦੇਸ਼, ਸਾਜ਼ੋ-ਸਾਮਾਨ ਦੀ ਸੂਚੀ, ਕਿਰਾਏ ਦੇ ਸਮਝੌਤੇ, ਮਾਲਕੀ ਦੇ ਸਬੂਤ, ਅਤੇ ਜੁਲਾਈ 2023 ਤੋਂ ਬਾਅਦ ਪ੍ਰਸਾਰਣ ਜਾਰੀ ਰੱਖਣ ਜਾਂ ਪੁਰਾਣਾ ਸਮਝੌਤਾ ਰੱਦ ਕਰਨ ਸੰਬੰਧੀ ਜਨਰਲ ਹਾਊਸ ਜਾਂ ਐਗਜ਼ੈਕਟਿਵ ਵਿੱਚ ਪਾਸ ਕੀਤੇ ਗਏ ਮਤੇ ਸੰਗਤ ਦੇ ਸਾਹਮਣੇ ਰੱਖੇ ਅਤੇ ਸਭ ਤੋਂ ਆਸਾਨ ਰਾਹ ਇਹ ਹੈ ਕਿ ਅੱਜ ਹੀ ਜਨਤਕ ਸੱਦਾ ਜਾਰੀ ਕਰ ਦਿੱਤਾ ਜਾਵੇ। ਜਿਹੜਾ ਵੀ ਚੈਨਲ ਮਰਿਆਦਾ ਦੀ ਪਾਲਣਾ ਕਰਨ ਦਾ ਲਿਖਤੀ ਭਰੋਸਾ ਦੇਵੇ, ਉਸ ਨੂੰ ਫੀਡ ਦੇ ਦਿੱਤੀ ਜਾਵੇ।

# ਅਦਾਲਤ ਵੱਲੋਂ ਮਹਿਲਾ ਪਹਿਲਵਾਨਾਂ ਦੇ ਜਿਨਸੀ ਸ਼ੋਸ਼ਣ ਕੇਸ 'ਚ ਬ੍ਰਿਜਭੂਸ਼ਣ ਸਿੰਘ ਬਰੀ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਬ੍ਰਿਜਭੂਸ਼ਣ ਸ਼ਰਨ ਸਿੰਘ ਨੂੰ ਦਿੱਲੀ ਦੀ ਰਾਊਸ ਐਵੇਨਿਊ ਅਦਾਲਤ ਤੋਂ ਵੱਡੀ ਰਾਹਤ ਮਿਲੀ ਹੈ। ਰਾਊਸ ਐਵੇਨਿਊ ਅਦਾਲਤ ਨੇ ਸਾਬਕਾ ਡਬਲਯੂ.ਐੱਫ.ਆਈ. ਮੁਖੀ ਬ੍ਰਿਜਭੂਸ਼ਣ ਸ਼ਰਨ ਸਿੰਘ ਅਤੇ ਸਾਬਕਾ ਡਬਲਯੂ.ਐੱਫ.ਆਈ. ਸਹਾਇਕ ਸਕੱਤਰ ਵਿਨੋਦ ਤੋਮਰ ਨੂੰ ਮਹਿਲਾ ਪਹਿਲਵਾਨਾਂ ਦੇ ਕਥਿਤ ਜਿਨਸੀ ਸ਼ੋਸ਼ਣ ਦੇ ਮਾਮਲੇ ਵਿਚੋਂ ਬਰੀ ਕਰ ਦਿੱਤਾ। ਇਸ ਮਾਮਲੇ ਵਿਚ ਬ੍ਰਿਜਭੂਸ਼ਣ ਸ਼ਰਨ ਸਿੰਘ ਦੇ ਡਬਲਯੂ.ਐੱਫ.ਆਈ. ਮੁਖੀ ਵਜੋਂ ਕਾਰਜਕਾਲ ਦੌਰਾਨ ਮਹਿਲਾ ਪਹਿਲਵਾਨਾਂ ਵਲੋਂ ਲਗਾਏ ਗਏ ਦੋਸ਼ ਸ਼ਾਮਲ ਸਨ। 2023 ਵਿਚ, ਦਿੱਲੀ ਪੁਲਿਸ ਨੇ ਬ੍ਰਿਜਭੂਸ਼ਣ ਸ਼ਰਨ ਸਿੰਘ ਵਿਰੁੱਧ ਇੱਕ ਚਾਰਜਸ਼ੀਟ ਦਾਇਰ ਕੀਤੀ, ਜਿਸ ਵਿਚ ਜਿਨਸੀ ਸ਼ੋਸ਼ਣ, ਔਰਤਾਂ ਵਿਰੁੱਧ ਹਮਲਾ ਜਾਂ ਅਪਰਾਧਿਕ ਤਾਕਤ ਦੀ ਵਰਤੋਂ ਅਤੇ ਅਪਰਾਧਿਕ ਧਮਕੀ ਵਰਗੇ ਅਪਰਾਧਾਂ ਦਾ ਦੋਸ਼ ਲਗਾਇਆ ਗਿਆ ਸੀ। ਤੋਮਰ ਨੂੰ ਇਸ ਮਾਮਲੇ ਵਿਚ ਸਹਿ-ਮੁਲਜ਼ਮ ਵਜੋਂ ਵੀ ਨਾਮਜ਼ਦ ਕੀਤਾ ਗਿਆ ਸੀ।

ਪਿਛਲੇ ਮਹੀਨੇ, ਅਦਾਲਤ ਨੇ ਮਹਿਲਾ ਪਹਿਲਵਾਨਾਂ ਦੁਆਰਾ ਲਗਾਏ ਗਏ ਦੋਸ਼ਾਂ ਨਾਲ ਸਬੰਧਤ ਮਾਮਲੇ ਵਿਚ ਆਪਣਾ ਫੈਸਲਾ ਸੁਣਾਉਣ ਲਈ 3 ਅਗਸਤ ਦੀ ਤਰੀਕ ਨਿਰਧਾਰਤ ਕੀਤੀ ਸੀ। ਕਾਰਵਾਈ ਬੰਦ ਕਮਰੇ ਵਿਚ ਕੀਤੀ ਗਈ। ਦੋਵਾਂ ਧਿਰਾਂ ਦੀਆਂ ਅੰਤਿਮ ਦਲੀਲਾਂ ਦੇ ਸਿੱਟੇ ਵਜੋਂ, ਵਧੀਕ ਮੁੱਖ ਨਿਆਂਇਕ ਮੈਜਿਸਟ੍ਰੇਟ (ਏ.ਸੀ.ਜੇ.ਐੱਮ.) ਅਸ਼ਵਨੀ ਪੰਵਾਰ ਨੇ ਇਸਤਗਾਸਾ ਅਤੇ ਬਚਾਅ ਪੱਖ ਦੀਆਂ ਵਿਸਤ੍ਰਿਤ ਦਲੀਲਾਂ ਸੁਣਨ ਤੋਂ ਬਾਅਦ ਫੈਸਲਾ ਸੁਰੱਖਿਅਤ ਰੱਖ ਲਿਆ। ਅਦਾਲਤ ਨੇ ਵਕੀਲਾਂ ਨੂੰ ਦੋ ਹਫ਼ਤਿਆਂ ਦੇ ਅੰਦਰ ਆਪਣੀਆਂ ਲਿਖਤੀ ਦਲੀਲਾਂ ਪੇਸ਼ ਕਰਨ ਦਾ ਵੀ ਨਿਰਦੇਸ਼ ਦਿੱਤਾ। ਅੰਤਿਮ ਦਲੀਲਾਂ ਦੌਰਾਨ, ਸੀਨੀਅਰ ਵਕੀਲ ਰੇਬੇਕਾ ਜੌਨ ਨੇ ਸ਼ਿਕਾਇਤਕਰਤਾਵਾਂ ਵੱਲੋਂ ਦਲੀਲਾਂ ਪੇਸ਼ ਕੀਤੀਆਂ, ਜਦੋਂ ਕਿ ਵਕੀਲ ਰਾਜੀਵ ਮੋਹਨ ਦੀ ਅਗਵਾਈ ਵਾਲੀ ਬਚਾਅ ਟੀਮ - ਜਿਸ ਵਿਚ ਰੇਹਾਨ ਖਾਨ ਅਤੇ ਰਿਸ਼ਭ ਭਾਟੀ ਵੀ ਸ਼ਾਮਲ ਸਨ, ਨੇ 30 ਜੂਨ ਨੂੰ ਆਪਣੀਆਂ ਦਲੀਲਾਂ ਪੂਰੀਆਂ ਕੀਤੀਆਂ।

ਇਹ ਮਾਮਲਾ ਜੰਤਰ-ਮੰਤਰ ‘ਤੇ ਮਹਿਲਾ ਪਹਿਲਵਾਨਾਂ ਦੇ ਵਿਰੋਧ ਤੋਂ ਬਾਅਦ ਦਿੱਲੀ ਪੁਲਿਸ ਵਲੋਂ ਦਰਜ ਕੀਤੀ ਗਈ ਐੱਫ.ਆਈ.ਆਰ. ਨਾਲ ਸਬੰਧਤ ਹੈ। ਵਿਰੋਧ ਪ੍ਰਦਰਸ਼ਨ ਵਿਚ ਬ੍ਰਿਜਭੂਸ਼ਣ ਸ਼ਰਨ ਸਿੰਘ ਦੇ ਡਬਲਯੂ.ਐੱਫ.ਆਈ. ਮੁਖੀ ਵਜੋਂ ਕਾਰਜਕਾਲ ਦੌਰਾਨ ਜਿਨਸੀ ਸ਼ੋਸ਼ਣ ਦਾ ਦੋਸ਼ ਲਗਾਇਆ ਗਿਆ ਸੀ। ਇਸ ਤੋਂ ਪਹਿਲਾਂ, ਦਿੱਲੀ ਪੁਲਿਸ ਨੇ ਦੋਸ਼ਾਂ ਦੀ ਜਾਂਚ ਪੂਰੀ ਕਰਨ ਤੋਂ ਬਾਅਦ 15 ਜੂਨ, 2023 ਨੂੰ 1,500 ਪੰਨਿਆਂ ਦੀ ਚਾਰਜਸ਼ੀਟ ਦਾਇਰ ਕੀਤੀ ਸੀ। ਚਾਰਜਸ਼ੀਟ ਵਿਚ ਭਾਰਤੀ ਦੰਡ ਸੰਹਿਤਾ (ਆਈ.ਪੀ.ਸੀ.) ਦੀਆਂ ਧਾਰਾਵਾਂ 354, 354ਏ, 354ਡੀ, ਅਤੇ 506(1) ਦੇ ਤਹਿਤ ਉਪਬੰਧਾਂ ਦਾ ਹਵਾਲਾ ਦਿੱਤਾ ਗਿਆ ਸੀ।

ਅਦਾਲਤ ਨੇ ਪਹਿਲਾਂ ਮੁਕੱਦਮੇ ਦੀ ਕਾਰਵਾਈ ਦੌਰਾਨ 12 ਮਈ ਨੂੰ ਵਿਸ਼ੇਸ਼ ਜਾਂਚ ਟੀਮ (ਐੱਸ.ਆਈ.ਟੀ.) ਦੇ ਮੈਂਬਰ ਅਤੇ ਜਾਂਚ ਅਧਿਕਾਰੀ ਦਾ ਬਿਆਨ ਦਰਜ ਕੀਤਾ ਸੀ। ਮੁਲਜ਼ਮ ਭਾਰਤ ਅਤੇ ਵਿਦੇਸ਼ਾਂ ਦੀਆਂ ਮਹਿਲਾ ਪਹਿਲਵਾਨਾਂ ਦੁਆਰਾ ਲਗਾਏ ਗਏ ਦੋਸ਼ਾਂ ਦੇ ਸੰਬੰਧ ਵਿਚ ਮੁਕੱਦਮੇ ਦਾ ਸਾਹਮਣਾ ਕਰ ਰਹੇ ਹਨ, ਜਿਨ੍ਹਾਂ ਨੇ ਸਿੰਘ ‘ਤੇ ਭਾਰਤੀ ਕੁਸ਼ਤੀ ਸੰਘ ਦੇ ਮੁਖੀ ਵਜੋਂ ਆਪਣੇ ਕਾਰਜਕਾਲ ਦੌਰਾਨ ਜਿਨਸੀ ਸ਼ੋਸ਼ਣ ਦੇ ਦੋਸ਼ ਲਗਾਏ ਸਨ।

ਅਦਾਲਤ ਦੇ ਫੈਸਲੇ ਤੋਂ ਬਾਅਦ, ਬ੍ਰਿਜਭੂਸ਼ਣ ਸ਼ਰਨ ਸਿੰਘ ਨੇ ਕਿਹਾ, ”ਪਹਿਲੇ ਦਿਨ, ਜਦੋਂ ਮੇਰਾ ਪਹਿਲਾ ਬਿਆਨ ਆਇਆ, ਮੈਂ ਕਿਹਾ ਸੀ ਕਿ ਜੇਕਰ ਕੋਈ ਵੀ ਦੋਸ਼ ਸਾਬਤ ਹੁੰਦਾ ਹੈ, ਤਾਂ ਮੈਂ ਆਪਣੇ ਆਪ ਨੂੰ ਫਾਂਸੀ ਲਗਾ ਲਵਾਂਗਾ। ਅਦਾਲਤ ਨੇ ਮੈਨੂੰ ਸਨਮਾਨ ਨਾਲ ਬਰੀ ਕਰ ਦਿੱਤਾ ਹੈ। ਇਹ ਮੇਰੇ ਅਤੇ ਮੇਰੇ ਪਰਿਵਾਰ ਲਈ ਖੁਸ਼ੀ ਦੀ ਗੱਲ ਹੈ... ਅੱਜ ਇੱਕ ਖੁਸ਼ੀ ਦਾ ਦਿਨ ਹੈ।”


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682


ਰੋਜਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307


RELIABLE • PROFESSIONAL
FAST SERVICE
SUNSHINE
AUTO CARE INC
"WE REPAIR ALL"
AUTO • DIESEL TRUCKS • TRAILERS
ALL MAKES & MODELS
AUTO
DIESEL TRUCKS
TRAILERS
FULL SERVICE AUTO & DIESEL REPAIR
Engine Diagnostics
Brake Service
Suspension & Steering
Diesel Truck Repair
Trailer Repair
Preventive Maintenance
1003 MOFFAT BLVD
MANTECA, CA 95336
TEL:
209-239-1551
EXPERIENCED TECHNICIANS
QUALITY WORK
ON TIME SERVICE
CUSTOMER SATISFACTION

# ਅੰਮ੍ਰਿਤਸਰ 'ਚ ਵੱਡੀ ਅੱਤਵਾਦੀ ਸਾਜ਼ਿਸ਼ ਨਾਕਾਮ ਚਾਰ ਪੈਟਰੋਲ ਬੰਬਾਂ ਅਤੇ 3 ਪਿਸਤੌਲਾਂ ਸਮੇਤ 9 ਕਾਬੂ

ਅੰਮ੍ਰਿਤਸਰ
ਡਾ.ਰਜਿੰਦਰ ਰਿਖੀ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਜਾਰੀ ਮੁਹਿੰਮ ਦੌਰਾਨ ਵੱਡੀ ਸਫ਼ਲਤਾ ਹਾਸਲ ਕਰਦਿਆਂ, ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਆਈ.ਐਸ.ਆਈ. ਦੀ ਹਮਾਇਤ ਵਾਲੇ ਦੋ ਸਰਹੱਦ ਪਾਰਲੇ ਅੱਤਵਾਦੀ ਮੋਡਿਊਲਾਂ ਦਾ ਪਰਦਾਫਾਸ਼ ਕਰਕੇ ਚਾਰ ਨਾਬਾਲਗਾਂ ਸਮੇਤ ਨੌਂ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਨ੍ਹਾਂ ਦੇ ਕਬਜ਼ੇ 'ਚੋਂ 9 ਜ਼ਿੰਦਾ ਕਾਰਤੂਸਾਂ ਸਮੇਤ ਤਿੰਨ ਗੈਰ-ਕਾਨੂੰਨੀ ਪਿਸਤੌਲ ਅਤੇ ਚਾਰ ਪੈਟਰੋਲ ਬੰਬ ਬਰਾਮਦ ਕੀਤੇ ਹਨ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਵੰਸ਼ ਕੁਮਾਰ (19) ਅਤੇ ਅਨਮੋਲ ਸਿੰਘ ਉਰਫ਼ ਸਾਹਿਲ (20) ਦੋਵੇਂ ਵਾਸੀ ਪੱਟੀ (ਤਰਨ ਤਾਰਨ); ਹਰਮਨ ਸਿੰਘ ਉਰਫ਼ ਹੰਮੂ (24) ਅਤੇ ਸੁਖਦੇਵ ਸਿੰਘ (30) ਦੋਵੇਂ ਵਾਸੀ ਪਿੰਡ ਝੰਜੋਟੀ (ਅੰਮ੍ਰਿਤਸਰ); ਸੁਖਮਨ ਸਿੰਘ (19) ਵਾਸੀ ਪਿੰਡ ਜੋਥ (ਅੰਮ੍ਰਿਤਸਰ) ਵਜੋਂ ਹੋਈ ਹੈ। ਇਸ ਤੋਂ ਇਲਾਵਾ ਮੁਲਜ਼ਮਾਂ ਵਿੱਚ ਚਾਰ ਨਾਬਾਲਗ ਵੀ ਸ਼ਾਮਲ ਹੈ। ਪਿਸਤੌਲਾਂ ਅਤੇ ਪੈਟਰੋਲ ਬੰਬਾਂ ਦੀ ਬਰਾਮਦਗੀ ਤੋਂ ਇਲਾਵਾ ਪੁਲਿਸ ਟੀਮਾਂ ਨੇ ਮੁਲਜ਼ਮਾਂ ਕੋਲੋਂ ਇੱਕ ਚੋਰੀ ਦਾ ਮੋਟਰਸਾਈਕਲ ਵੀ ਜ਼ਬਤ ਕੀਤਾ ਹੈ, ਜਿਸ ਦੀ ਵਰਤੋਂ ਉਹ ਅਪਰਾਧਿਕ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਕਰ ਰਹੇ ਸਨ।

ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਤਫ਼ਤੀਸ਼ ਤੋਂ ਖੁਲਾਸਾ ਹੋਇਆ ਹੈ ਕਿ ਗ੍ਰਿਫ਼ਤਾਰ ਮੁਲਜ਼ਮ ਵਿਦੇਸ਼ ਅਧਾਰਤ ਆਈ.ਐਸ.ਆਈ. ਹੈਂਡਲਰਾਂ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਸਨ, ਜੋ ਅੱਤਵਾਦੀ ਗਤੀਵਿਧੀਆਂ ਨੂੰ ਅੰਜਾਮ ਦੇਣ, ਸੁਰੱਖਿਆ ਅਦਾਰਿਆਂ ਦੀ ਰੇਕੀ ਕਰਨ, ਗੈਰ-ਕਾਨੂੰਨੀ ਹਥਿਆਰ ਮੁਹੱਈਆ ਕਰਵਾਉਣ ਅਤੇ ਅਮਨ-ਸ਼ਾਂਤੀ ਭੰਗ ਕਰਨ ਲਈ ਸਥਾਨਕ ਨੌਜਵਾਨਾਂ ਨੂੰ ਭਰਤੀ ਕਰਦੇ ਸਨ।

ਡੀ.ਜੀ.ਪੀ. ਨੇ ਦੱਸਿਆ ਕਿ ਜਾਂਚ ਦੌਰਾਨ ਰੇਲਵੇ ਟਰੈਕਾਂ ਦੇ ਨੇੜੇ ਸਰਵੇਲੈਂਸ ਕੈਮਰੇ ਲਗਾਉਣ ਦਾ ਵੀ ਪਤਾ ਲੱਗਾ ਹੈ, ਜਿਨ੍ਹਾਂ ਦੀ ਫੁਟੇਜ ਵਿਦੇਸ਼ੀ ਹੈਂਡਲਰਾਂ ਨਾਲ ਸਾਂਝੀ ਕੀਤੀ ਜਾ ਰਹੀ ਸੀ।

ਉਨ੍ਹਾਂ ਦੱਸਿਆ ਕਿ ਆਈ.ਐਸ.ਆਈ. ਸਮਰਥਿਤ ਨੈੱਟਵਰਕ ਦੇ ਬਾਕੀ ਮੈਂਬਰਾਂ ਦੀ ਪਛਾਣ ਕਰਨ, ਅਗਲੇ-ਪਿਛਲੇ ਸਬੰਧਾਂ ਅਤੇ ਵਿੱਤੀ ਲੈਣ-ਦੇਣ ਦਾ ਪਤਾ ਲਗਾਉਣ ਅਤੇ ਇਸ ਗਿਰੋਹ ਦੀ ਹੋਰ ਅੱਤਵਾਦੀ ਗਤੀਵਿਧੀਆਂ ਵਿੱਚ ਸ਼ਮੂਲੀਅਤ ਦਾ ਪਰਦਾਫਾਸ਼ ਕਰਨ ਲਈ ਅੱਗੇ ਦੀ ਜਾਂਚ ਜਾਰੀ ਹੈ।

ਕਾਰਵਾਈ ਦੇ ਵੇਰਵੇ ਸਾਂਝੇ ਕਰਦਿਆਂ ਪੁਲਿਸ ਕਮਿਸ਼ਨਰ (ਸੀ.ਪੀ.) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਪੁਲਿਸ ਟੀਮਾਂ ਨੇ ਠੋਸ ਜਾਣਕਾਰੀ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਵੰਸ਼ ਕੁਮਾਰ ਨੂੰ ਉਸ ਦੇ ਇੱਕ ਨਾਬਾਲਗ ਸਾਥੀ ਸਮੇਤ ਕਾਬੂ ਕਰਕੇ ਉਨ੍ਹਾਂ ਦੇ ਕਬਜ਼ੇ 'ਚੋਂ ਇੱਕ ਗੈਰ-ਕਾਨੂੰਨੀ .32 ਬੋਰ ਦੇਸੀ ਪਿਸਤੌਲ ਅਤੇ ਤਿੰਨ ਜ਼ਿੰਦਾ ਕਾਰਤੂਸ ਬਰਾਮਦ ਕੀਤੇ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮਾਂ ਦੇ ਖੁਲਾਸੇ 'ਤੇ ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਅਨਮੋਲ ਸਿੰਘ ਉਰਫ਼ ਸਾਹਿਲ ਨੂੰ ਵੀ ਗ੍ਰਿਫ਼ਤਾਰ ਕਰ ਲਿਆ, ਜਿਸ ਨੇ ਮੁਲਜ਼ਮਾਂ ਨੂੰ ਬਰਾਮਦ ਕੀਤਾ ਹਥਿਆਰ ਸਪਲਾਈ ਕੀਤਾ ਸੀ।

ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਅੱਗੇ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਰੇਲਵੇ ਟਰੈਕਾਂ ਦੇ ਨੇੜੇ ਸਰਵੇਲੈਂਸ ਕੈਮਰੇ ਲਗਾਉਣ ਨਾਲ ਸਬੰਧਤ ਵਿੱਤੀ ਲੈਣ-ਦੇਣ ਪੇਟੀਐਮ ਰਾਹੀਂ ਜੇਲ੍ਹ ਵਿੱਚ ਬੰਦ ਸੁਖਦੇਵ ਸਿੰਘ ਵੱਲੋਂ ਹਰਮਨ ਸਿੰਘ ਉਰਫ਼ ਹੰਮੂ ਦੇ ਕਹਿਣ 'ਤੇ ਕੀਤਾ ਗਿਆ ਸੀ, ਜੋ ਦੋਵੇਂ ਕੇਂਦਰੀ ਜੇਲ੍ਹ, ਅੰਮ੍ਰਿਤਸਰ ਵਿੱਚ ਬੰਦ ਸਨ ਅਤੇ ਪ੍ਰੋਡਕਸ਼ਨ ਵਾਰੰਟ 'ਤੇ ਲਿਆ ਕੇ ਇਸ ਕੇਸ ਵਿੱਚ ਉਨ੍ਹਾਂ ਨੂੰ ਰਸਮੀ ਤੌਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਮੁੱਖ ਮੁਲਜ਼ਮ ਅਨਮੋਲ, ਉਸ ਦੇ ਸਾਥੀਆਂ ਅਤੇ ਰੇਲਵੇ ਟਰੈਕਾਂ ਦੇ ਨਾਲ ਲਗਾਏ ਗਏ ਸੀ.ਸੀ.ਟੀ.ਵੀ. ਕੈਮਰਿਆਂ ਨੂੰ ਅੱਗੇ ਦੀ ਜਾਂਚ ਅਤੇ ਲੋੜੀਂਦੀ ਕਾਨੂੰਨੀ



ਕਾਰਵਾਈ ਲਈ ਰਸਮੀ ਤੌਰ 'ਤੇ ਗਵਰਨਮੈਂਟ ਰੇਲਵੇ ਪੁਲਿਸ (ਜੀ.ਆਰ.ਪੀ.) ਦੇ ਹਵਾਲੇ ਕਰ ਦਿੱਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਦੋਸ਼ੀ ਸੁਖਦੇਵ ਸਿੰਘ ਅਤੇ ਹਰਮਨ ਸਿੰਘ ਉਰਫ਼ ਹੰਮੂ ਥਾਣਾ ਰਾਜਾਸਾਂਸੀ ਵਿਖੇ ਦਰਜ ਅਸਲਾ ਐਕਟ ਦੇ ਇੱਕ ਕੇਸ ਵਿੱਚ ਵੀ ਨਾਮਜ਼ਦ ਹਨ, ਜਿਸ ਵਿੱਚ ਉਨ੍ਹਾਂ ਦੇ ਕਬਜ਼ੇ 'ਚੋਂ ਚਾਰ ਗਲੋਕ ਪਿਸਤੌਲਾਂ ਬਰਾਮਦ ਹੋਈਆਂ ਸਨ। ਇੱਕ ਹੋਰ ਕਾਰਵਾਈ ਵਿੱਚ, ਸੀ.ਪੀ. ਗੁਰਪ੍ਰੀਤ ਭੁੱਲਰ ਨੇ ਦੱਸਿਆ ਕਿ ਠੋਸ ਇਤਲਾਹ 'ਤੇ ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਇੱਕ ਟੀਚਾਗਤ ਆਪਰੇਸ਼ਨ ਤਹਿਤ ਦੋ ਨਾਬਾਲਗਾਂ ਨੂੰ .32 ਬੋਰ ਦੇਸੀ ਪਿਸਤੌਲ, ਦੋ ਪੈਟਰੋਲ ਬੰਬ ਅਤੇ ਇੱਕ ਲਾਈਟਰ ਸਮੇਤ ਗ੍ਰਿਫ਼ਤਾਰ ਕਰ ਲਿਆ।

ਪੁੱਛਗਿੱਛ ਦੌਰਾਨ ਗ੍ਰਿਫ਼ਤਾਰ ਮੁਲਜ਼ਮਾਂ ਨੇ ਖੁਲਾਸਾ ਕੀਤਾ ਕਿ ਉਨ੍ਹਾਂ ਨੇ ਆਪਣੇ ਦੋ ਸਾਥੀਆਂ— ਸੁਖਮਨ ਸਿੰਘ ਅਤੇ ਦੂਜਾ ਨਾਬਾਲਗ ਸਾਥੀ— ਨਾਲ ਮਿਲ ਕੇ ਸਾਜ਼ਿਸ਼ ਨੂੰ ਅੰਜਾਮ ਦੇਣ ਦੀਆਂ ਕਈ ਕੋਸ਼ਿਸ਼ਾਂ ਕੀਤੀਆਂ ਸਨ। ਮੁਲਜ਼ਮਾਂ ਦੇ ਉਕਤ ਦੋਵੇਂ ਸਾਥੀਆਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਉਨ੍ਹਾਂ ਦੇ ਕਬਜ਼ੇ 'ਚੋਂ ਦੋ ਪੈਟਰੋਲ ਬੰਬ ਅਤੇ ਇੱਕ .30 ਬੋਰ ਪਿਸਤੌਲ ਬਰਾਮਦ ਹੋਇਆ ਹੈ।

ਇਸ ਸਬੰਧ ਵਿੱਚ, ਤਿੰਨ ਵੱਖ-ਵੱਖ ਮਾਮਲੇ ਥਾਣਾ ਮੋਹਕਮਪੁਰਾ ਵਿਖੇ ਭਾਰਤੀ ਨਿਆਂ ਸੰਹਿਤਾ (ਬੀ.ਐਨ.ਐਸ.) ਦੀਆਂ ਧਾਰਾਵਾਂ 317(2), 238 ਅਤੇ 3(5) ਅਤੇ ਅਸਲਾ ਐਕਟ ਦੀ ਧਾਰਾ 25 ਤਹਿਤ ਐਫ.ਆਈ.ਆਰ. ਨੰਬਰ 97 ਮਿਤੀ 11.07.2026; ਥਾਣਾ ਏਅਰਪੋਰਟ ਵਿਖੇ ਅਸਲਾ ਐਕਟ ਦੀਆਂ ਧਾਰਾਵਾਂ 25(6,7,8) ਤਹਿਤ ਐਫ.ਆਈ.ਆਰ. ਨੰਬਰ 24 ਮਿਤੀ 29-07-2026; ਅਤੇ ਥਾਣਾ ਸੀ-ਡਿਵੀਜ਼ਨ ਵਿਖੇ ਬੀ.ਐਨ.ਐਸ. ਦੀਆਂ ਧਾਰਾਵਾਂ 326(ਜੀ), 113 ਤੇ 62 ਅਤੇ ਅਸਲਾ ਐਕਟ ਦੀ ਧਾਰਾ 25 ਤਹਿਤ ਐਫ.ਆਈ.ਆਰ. ਨੰਬਰ 112 ਮਿਤੀ 02.08.2026 ਦਰਜ ਕੀਤੇ ਗਏ ਹਨ।

# 2030 'ਚ ਅਹਿਮਦਾਬਾਦ 'ਚ ਆਯੋਜਿਤ ਹੋਣਗੀਆਂ 24ਵੀਆਂ ਰਾਸ਼ਟਰਮੰਡਲ ਖੇਡਾਂ

ਗਲਾਸਗੋ
ਸਾਂਝੀ ਸੋਚ ਬਿਊਰੋ

ਸਕਾਟਲੈਂਡ ਦੇ ਗਲਾਸਗੋ 'ਚ ਆਯੋਜਿਤ 23ਵੀਆਂ ਰਾਸ਼ਟਰਮੰਡਲ ਖੇਡਾਂ 2030 'ਚ ਭਾਰਤ ਦੇ ਅਹਿਮਦਾਬਾਦ ਵਿਚ ਦੁਬਾਰਾ ਮਿਲਣ ਦੇ ਵਾਅਦੇ ਨਾਲ ਅਧਿਕਾਰਤ ਤੌਰ 'ਤੇ ਸਮਾਪਤ ਹੋਈਆਂ। ਸੋਨ ਤਗਮਾ ਜੇਤੂ ਮੁੱਕੇਬਾਜ਼ ਜੈਸਮੀਨ ਲੰਬੋਰੀਆ ਨੇ ਸਮਾਪਤੀ ਸਮਾਰੋਹ ਵਿੱਚ ਭਾਰਤੀ ਦਲ ਦੀ ਅਗਵਾਈ ਕੀਤੀ। ਗਲਾਸਗੋ ਦੇ 'ਦ ਹਾਈਡਰੋ' ਵਿਖੇ ਹੋਏ ਇਸ ਸਮਾਗਮ ਦੌਰਾਨ, 2030 ਲਈ ਮੇਜ਼ਬਾਨ ਦੇਸ਼ ਭਾਰਤ ਨੂੰ ਅਧਿਕਾਰਤ ਰਾਸ਼ਟਰਮੰਡਲ ਖੇਡਾਂ ਦਾ ਝੰਡਾ ਸੌਂਪਿਆ ਗਿਆ।

ਇਹ ਦੂਜੀ ਵਾਰ ਹੋਵੇਗਾ ਜਦੋਂ ਭਾਰਤ ਰਾਸ਼ਟਰਮੰਡਲ ਖੇਡਾਂ ਦੀ ਮੇਜ਼ਬਾਨੀ ਕਰੇਗਾ। ਸਾਲ 2010 ਵਿਚ ਰਾਜਧਾਨੀ ਨਵੀਂ ਦਿੱਲੀ ਨੇ 19ਵੀਂ ਰਾਸ਼ਟਰਮੰਡਲ ਖੇਡਾਂ ਦੀ ਮੇਜ਼ਬਾਨੀ ਕੀਤੀ ਸੀ। 20 ਸਾਲ ਬਾਅਦ, ਅਹਿਮਦਾਬਾਦ (ਗੁਜਰਾਤ) ਇਨ੍ਹਾਂ ਖੇਡਾਂ ਦੀ ਮੇਜ਼ਬਾਨੀ ਕਰਨ ਵਾਲਾ ਦੂਜਾ ਭਾਰਤੀ ਸ਼ਹਿਰ ਬਣ ਜਾਵੇਗਾ।

ਝੰਡਾ ਸੌਂਪਣ ਸਮਾਰੋਹ ਦੌਰਾਨ ਭਾਰਤ ਦੇ ਸਟਾਰ ਐਥਲੀਟ ਨੀਰਜ ਚੋਪੜਾ, ਭਾਰਤੀ ਓਲੰਪਿਕ ਐਸੋਸੀਏਸ਼ਨ ਦੇ ਪ੍ਰਧਾਨ ਪੀਟੀ ਊਸ਼ਾ ਅਤੇ ਗੁਜਰਾਤ ਦੇ ਮੰਤਰੀ ਹਰਸ਼ ਸੰਘਵੀ ਸਟੇਜ 'ਤੇ ਮੌਜੂਦ ਸਨ। ਰਾਸ਼ਟਰਮੰਡਲ ਖੇਡ ਫੈਡਰੇਸ਼ਨ ਦੇ ਪ੍ਰਧਾਨ ਡਾ. ਡੋਨਾਲਡ ਰੁਕਰੇ ਨੇ ਨੀਰਜ ਚੋਪੜਾ ਨੂੰ ਝੰਡਾ ਸੌਂਪਿਆ। ਇਸ ਤੋਂ ਬਾਅਦ ਸਟੇਜ 'ਤੇ ਭਾਰਤੀ ਸੱਭਿਆਚਾਰ ਦੀ ਇੱਕ ਝਲਕ ਦਿਖਾਈ ਗਈ, ਜਿਸ ਦੇ ਨਾਲ 'ਵੰਦੇ ਮਾਤਰਮ' ਦਾ ਜੈਕਾਰਾ ਵੀ ਗੂੰਜਿਆ।

ਸਾਬਕਾ ਮਿਸ ਵਰਲਡ ਮਾਨੁਸ਼ੀ ਛਿੱਲਰ ਨੇ ਨਾਚ ਮੰਡਲੀ ਦੀ ਅਗਵਾਈ ਕੀਤੀ। ਵੱਖ-ਵੱਖ ਭਾਰਤੀ ਰਾਜਾਂ ਦੇ ਰਵਾਇਤੀ ਪਹਿਰਾਵੇ ਵਿਚ ਸਜੇ ਕਲਾਕਾਰਾਂ ਨੇ ਸ਼ਾਸਤਰੀ ਅਤੇ ਲੋਕ ਨਾਚ ਪੇਸ਼ ਕੀਤੇ। 'ਵੰਦੇ ਮਾਤਰਮ' ਦੇ ਨਾਲ, 'ਵਸੁਧੈਵ ਕੁਟੁੰਬਕਮ' (ਦੁਨੀਆ ਇੱਕ ਪਰਿਵਾਰ ਹੈ) ਦਾ ਸੰਦੇਸ਼ ਦਿੱਤਾ ਗਿਆ।



ਭਾਰਤ ਦੀ ਧਾਰਮਿਕ ਆਸਥਾ ਨੂੰ ਵੀ ਸਟੇਜ 'ਤੇ ਪ੍ਰਦਰਸ਼ਿਤ ਕੀਤਾ ਗਿਆ, ਜਿਸ ਵਿਚ ਕਲਾਕਾਰਾਂ ਨੇ 'ਸ਼ਿਵ ਤਾਂਡਵ ਸਟੋਤਰਮ' ਦਾ ਪਾਠ ਕੀਤਾ।

ਪ੍ਰਸਿੱਧ ਗਾਇਕ ਸ਼ੰਕਰ ਮਹਾਦੇਵਨ ਨੇ ਪ੍ਰਸਿੱਧ ਬਾਲੀਵੁੱਡ ਗੀਤ "ਐ ਵਤਨ, ਵਤਨ ਮੇਰੇ ਆਬਾਦ ਰਹੇ ਤੂੰ..." ਗਾ ਕੇ ਆਯੋਜਨ ਸਥਾਨ 'ਤੇ ਦਰਸ਼ਕਾਂ ਅਤੇ ਖਿਡਾਰੀਆਂ ਨੂੰ ਮੰਤਰ ਮੁਗਧ ਕਰ ਦਿੱਤਾ। ਉਨ੍ਹਾਂ ਨੇ ਫਿਲਮ 'ਭਾਗ ਮਿਲਖਾ ਭਾਗ' ਦਾ ਗੀਤ ਵੀ ਪੇਸ਼ ਕੀਤਾ। ਮਹਾਦੇਵਨ ਤੋਂ ਬਾਅਦ ਗਾਇਕਾ ਭੂਮੀ ਤ੍ਰਿਵੇਦੀ ਨੇ ਗੁਜਰਾਤ ਦੇ ਸਾਰ ਨੂੰ ਸਟੇਜ 'ਤੇ ਲਿਆਂਦਾ। ਗੁਜਰਾਤੀ ਅਤੇ ਗਰਬਾ ਗੀਤ ਪੇਸ਼ ਕਰਦੇ ਹੋਏ ਉਸਨੇ ਆਉਣ ਵਾਲੀਆਂ ਰਾਸ਼ਟਰਮੰਡਲ ਖੇਡਾਂ ਲਈ ਦੁਨੀਆਂ ਨੂੰ ਅਹਿਮਦਾਬਾਦ ਸੱਦਾ ਦਿੱਤਾ। ਇਸ ਤੋਂ ਬਾਅਦ ਕਲਾਕਾਰ "ਲਹਿਰਾ ਦੋ" ਗੀਤ ਦੀ ਧੁਨ 'ਤੇ ਭਾਰਤੀ ਤਿਰੰਗਾ ਲਹਿਰਾਉਂਦੇ ਹੋਏ ਸਟੇਜ 'ਤੇ ਦਿਖਾਈ ਦਿੱਤੇ। ਇਹ ਸਮਾਗਮ "ਸਬਸੇ ਆਗੇ ਹੋਂਗੇ ਹਿੰਦੁਸਤਾਨੀ" ਗੀਤ ਨਾਲ ਸਮਾਪਤ ਹੋਇਆ, ਜਿਸ ਤੋਂ ਬਾਅਦ ਪੂਰਾ ਸਟੇਡੀਅਮ ਤਾੜੀਆਂ ਦੀ ਗੂੰਜ ਅਤੇ "ਭਾਰਤ ਮਾਤਾ ਕੀ ਜੈ" ਦੇ ਨਾਅਰਿਆਂ ਨਾਲ ਗੂੰਜ ਉੱਠਿਆ।

24ਵੀਆਂ ਰਾਸ਼ਟਰਮੰਡਲ ਖੇਡਾਂ 2030 'ਚ ਗੁਜਰਾਤ ਦੇ ਅਹਿਮਦਾਬਾਦ ਵਿਚ ਆਯੋਜਿਤ ਕੀਤੀਆਂ ਜਾਣਗੀਆਂ। ਕਿਉਂਕਿ ਇਹ ਸਮਾਗਮ ਰਾਸ਼ਟਰਮੰਡਲ ਖੇਡਾਂ ਦੇ 100 ਸਾਲ ਪੂਰੇ ਹੋਣ ਦੀ ਨਿਸ਼ਾਨਦੇਹੀ ਕਰਦਾ ਹੈ, ਇਸ ਲਈ ਇਸ ਨੂੰ ਸ਼ਤਾਬਦੀ ਰਾਸ਼ਟਰਮੰਡਲ ਖੇਡਾਂ ਕਿਹਾ ਜਾ ਰਿਹਾ ਹੈ। ਖੇਡਾਂ 1930 'ਚ ਕੈਨੇਡਾ ਦੇ ਹੈਮਿਲਟਨ 'ਚ "ਬ੍ਰਿਟਿਸ਼ ਸਾਮਰਾਜ ਖੇਡਾਂ" ਦੇ ਨਾਮ ਹੇਠ ਸ਼ੁਰੂ ਹੋਈਆਂ ਸਨ। 1954 ਵਿਚ ਨਾਮ ਬਦਲ ਕੇ "ਬ੍ਰਿਟਿਸ਼ ਸਾਮਰਾਜ ਅਤੇ ਰਾਸ਼ਟਰਮੰਡਲ ਖੇਡਾਂ" ਕਰ ਦਿੱਤਾ ਗਿਆ, ਇਹ ਸਿਰਲੇਖ 1966 ਤੱਕ ਬਰਕਰਾਰ ਰਿਹਾ।

1970 ਤੋਂ 1974 ਤੱਕ ਉਨ੍ਹਾਂ ਨੂੰ "ਬ੍ਰਿਟਿਸ਼ ਰਾਸ਼ਟਰਮੰਡਲ ਖੇਡਾਂ" ਵਜੋਂ ਜਾਣਿਆ ਜਾਂਦਾ ਸੀ। 1978 ਵਿਚ, ਇਸ ਸਮਾਗਮ ਨੂੰ ਅਧਿਕਾਰਤ ਤੌਰ 'ਤੇ "ਰਾਸ਼ਟਰਮੰਡਲ ਖੇਡਾਂ" ਦਾ ਨਾਮ ਦਿੱਤਾ ਗਿਆ, ਇੱਕ ਸਿਰਲੇਖ ਜੋ ਅੱਜ ਵੀ ਵਰਤੋਂ ਵਿਚ ਹੈ। 11 ਦੇਸ਼ਾਂ ਦੇ ਲਗਭਗ 400 ਐਥਲੀਟਾਂ ਨੇ ਉਦਘਾਟਨੀ ਰਾਸ਼ਟਰਮੰਡਲ ਖੇਡਾਂ ਵਿਚ ਹਿੱਸਾ ਲਿਆ। ਇਸ ਦੇ ਉਲਟ 74 ਦੇਸ਼ਾਂ ਦੇ 3,000 ਐਥਲੀਟਾਂ ਨੇ ਗਲਾਸਗੋ ਖੇਡਾਂ ਵਿਚ ਹਿੱਸਾ ਲਿਆ। ਜਦੋਂਕਿ 74 ਦੇਸ਼ ਅਹਿਮਦਾਬਾਦ ਵਿਚ ਸ਼ਤਾਬਦੀ ਰਾਸ਼ਟਰਮੰਡਲ ਖੇਡਾਂ ਵਿਚ ਹਿੱਸਾ ਲੈਣਗੇ, ਐਥਲੀਟਾਂ ਦੀ ਗਿਣਤੀ ਵਿਚ ਮਹੱਤਵਪੂਰਨ ਵਾਧਾ ਹੋਣ ਦੀ ਉਮੀਦ ਹੈ।

ਗਲਾਸਗੋ ਰਾਸ਼ਟਰਮੰਡਲ ਖੇਡਾਂ ਵਿਚ, ਜੋ ਕਿ 11 ਦਿਨਾਂ ਤੱਕ ਚੱਲੀਆਂ, ਭਾਰਤ ਮੈਡਲ ਸੂਚੀ ਵਿਚ ਚੌਥੇ ਸਥਾਨ 'ਤੇ ਰਿਹਾ, ਆਸਟ੍ਰੇਲੀਆ ਨੇ 15ਵੀਂ ਵਾਰ ਮੈਡਲ ਸੂਚੀ 'ਚ ਸਿਖਰਲਾ ਸਥਾਨ ਹਾਸਲ ਕੀਤਾ, ਕੁੱਲ 171 ਤਗਮੇ ਜਿੱਤੇ, ਜਿਨ੍ਹਾਂ ਵਿਚ 70 ਸੋਨ, 45 ਚਾਂਦੀ ਅਤੇ 56 ਕਾਂਸੀ ਸ਼ਾਮਲ ਹਨ। ਇੰਗਲੈਂਡ 110 ਤਗਮਿਆਂ (29 ਸੋਨ, 45 ਚਾਂਦੀ ਅਤੇ 36 ਕਾਂਸੀ) ਨਾਲ ਦੂਜੇ ਸਥਾਨ 'ਤੇ ਰਿਹਾ ਅਤੇ ਕੈਨੇਡਾ 62 ਤਗਮਿਆਂ (19 ਸੋਨ, 20 ਚਾਂਦੀ ਅਤੇ 23 ਕਾਂਸੀ) ਨਾਲ ਤੀਜੇ ਸਥਾਨ 'ਤੇ ਰਿਹਾ।

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ
ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।


TAKE CONTROL
OF YOUR HEALTH!
PRIVATE, AFFORDABLE, & CONVENIENT
8000+ TESTS
General Health, Food Allergy Testing, Paternity Testing,
Hormone Testing, Diabetes Monitoring, STD Testing, & More!
NO INSURANCE?
NO PROBLEM!
WALK-INS WELCOME
ANYLABTEST NOW
ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384
Address: 119. Maple AVe, Suite A Manteca, CA 95336


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD, SACRAMENTO, CA 95841 +1-917-915-4142
FREMONT, CA
3155 KEARNEY ST, SUITE #248, FREMONT, CA 94538 +1-510-657-6444
NEW YORK, NY
108-14 JAMAICA AVENUE, RICHMOND HILL, NY 11418 +1-718-533-8444
FRESNO, CA
1625 E SHAW AVE #122, FRESNO, CA 93711 +1-559-271-5511
NEW JERSEY, NJ
2060 OAK TREE ROAD #1, EDISON, NEW JERSEY, 08820 +1-732-453-6699
LOS ANGELES, CA
1013 N BEGONIA AVE, ONTARIO, CA 91762 +1-917-915-4142
CONTACT
+1-917-915-4142
Jaspreetsinghlaoffice@gmail.com

SANJHI SOCH
ਗੁਰਸੇਵਕ ਸਿੰਘ ਝੁਨੀਰ
ਪੰਜਾਬੀ ਮਾਸਟਰ
ਸਸਸਸ ਢੱਡਾ ਮਾਲੋਕਾ (ਮਾਨਸਾ)
9815046042



# ਅੰਬਰ ਦੀ ਹਿੱਕ 'ਤੇ ਉੱਕਰੀਆਂ ਯਾਦਾਂ
# ਜਦੋਂ ਰਾਤਾਂ ਖ਼ਾਮੋਸ਼ ਨਹੀਂ, ਗੁਫ਼ਤਗੂ ਹੁੰਦੀਆਂ ਸਨ

ਪੰਜਾਬ ਦੀਆਂ ਉਹ ਰਾਤਾਂ ਵੀ ਕਿੰਨੀਆਂ ਰੂਹਾਨੀ ਹੁੰਦੀਆਂ ਸਨ, ਜਦੋਂ ਆਧੁਨਿਕਤਾ ਦਾ ਸ਼ੋਰ ਅਜੇ ਬਹੁਤ ਦੂਰ ਸੀ ਅਤੇ ਜ਼ਿੰਦਗੀ ਕੁਦਰਤ ਦੀ ਗੋਦ ਵਿੱਚ ਬੈਠ ਕੇ ਮੁਸਕੁਰਾਉਂਦੀ ਸੀ। ਗਰਮੀਆਂ ਦੀਆਂ ਲੰਮੀਆਂ ਸਾਮਾਂ ਤੋਂ ਬਾਅਦ ਜਦੋਂ ਪਿੰਡਾਂ ਦੀਆਂ ਕੱਚੀਆਂ ਛੱਤਾਂ ਅਤੇ ਵਿਹੜਿਆਂ ਵਿੱਚ ਮੰਜੇ ਡਹਿੰਦੇ, ਤਾਂ ਅਸਮਾਨ ਇੱਕ ਅਜਿਹੀ ਮਖਮਲੀ ਚਾਦਰ ਵਾਂਗ ਤਣ ਜਾਂਦਾ, ਜਿਸ ਉੱਤੇ ਲੱਖਾਂ-ਕਰੋੜਾਂ ਮੋਤੀ ਜੜੇ ਹੋਣ। ਉਸ ਦੌਰ ਵਿੱਚ ਤਾਰਿਆਂ ਦੀ ਮੱਧਮ ਅਤੇ ਪਾਕ ਰੌਸ਼ਨੀ ਸਿਰਫ਼ ਇਨਸਾਨ ਦੇ ਪਿੰਡੇ ਨੂੰ ਹੀ ਨਹੀਂ, ਬਲਕਿ ਉਸਦੀ ਰੂਹ ਨੂੰ ਵੀ ਰੁਸ਼ਨਾਉਂਦੀ ਸੀ। ਹਵਾ ਦੇ ਠੰਢੇ ਬੁੱਲ੍ਹੇ ਲੋਰੀਆਂ ਵਾਂਗ ਚੱਲਦੇ ਅਤੇ ਲੋਕ ਕੋਠਿਆਂ 'ਤੇ ਲੇਟ ਕੇ ਅਸਮਾਨੀ ਗਲੈਕਸੀ ਦੇ ਰੂਬਰੂ ਹੋ ਜਾਂਦੇ। ਉਹ ਸਮਾਂ ਨੀਂਦ ਦਾ ਨਹੀਂ, ਬਲਕਿ ਬ੍ਰਹਿਮੰਡ ਦੀ ਖ਼ਾਮੋਸ਼ੀ ਨਾਲ ਇੱਕਮਿਕ ਹੋਣ ਦਾ ਹੁੰਦਾ ਸੀ, ਜਿੱਥੇ ਹਰ ਇਨਸਾਨ ਧਰਤੀ 'ਤੇ ਰਹਿ ਕੇ ਵੀ ਅਰਸ਼ਾਂ ਦੀ ਸੈਰ ਕਰਦਾ ਸੀ।

ਉਸ ਖ਼ੂਬਸੂਰਤ ਦੌਰ ਵਿੱਚ ਤਾਰੇ ਅਸਮਾਨ ਦੇ ਸਿਰਫ਼ ਲਿਸ਼ਕਦੇ ਬਿੰਦੂ ਨਹੀਂ ਸਨ, ਬਲਕਿ ਰਾਤ ਦੇ ਇਕਾਂਤ ਵਿੱਚ ਸੁਣੇ ਜਾਣ ਵਾਲੇ ਸਭ ਤੋਂ ਨਜ਼ਦੀਕੀ ਮਿੱਤਰ ਸਨ। ਲੋਕ ਉਨ੍ਹਾਂ ਨਾਲ ਦਿਲਾਂ ਦੇ ਭੇਤ ਸਾਂਝੇ ਕਰਦੇ, ਜਿਵੇਂ ਕੋਈ ਆਪਣੇ ਪੁਰਾਣੇ ਹਮਰਾਜ਼ ਨਾਲ ਗੱਲਾਂ ਕਰ ਰਿਹਾ ਹੋਵੇ। ਬਜ਼ੁਰਗ ਉਨ੍ਹਾਂ ਦੀ ਚਾਲ ਨੂੰ ਦੇਖ ਕੇ ਸਮੇਂ ਦੀ ਨਬਜ਼ ਪਛਾਣ ਲੈਂਦੇ ਅਤੇ ਬੱਚੇ ਆਪਣੀਆਂ ਮਾਸੂਮ ਅੱਖਾਂ ਨਾਲ ਉਨ੍ਹਾਂ ਦੇ ਝੁਰਮੁਟਾਂ ਵਿੱਚੋਂ ਅਣਗਿਣਤ ਕਹਾਣੀਆਂ ਉਣਦੇ। ਕੋਈ ਸਪਤਰਸ਼ੀ ਦੇ ਸੱਤ ਤਾਰਿਆਂ ਵਿੱਚੋਂ ਦਾਦੀ ਦੀਆਂ ਬਾਤਾਂ ਦੇ ਪਾਤਰ ਲੱਭਦਾ, ਤੇ ਕੋਈ ਧਰੂ ਤਾਰੇ ਦੀ ਅਡੋਲਤਾ ਵਿੱਚੋਂ ਆਪਣੇ ਸੁਪਨਿਆਂ ਦੀ ਦਿਸ਼ਾ ਤੈਅ ਕਰਦਾ। ਕਲਪਨਾ ਦੇ ਉਸ ਖੁੱਲ੍ਹੇ ਅਸਮਾਨ ਵਿੱਚ ਤਾਰਿਆਂ ਵਿਚੋਂ ਕਦੇ ਕੋਈ ਚਿਹਰਾ, ਕਦੇ ਕੋਈ ਪਰਿੰਦਾ ਤੇ ਕਦੇ ਕੋਈ ਰੱਬੀ ਨੂਰ ਝਲਕਦਾ ਪ੍ਰਤੀਤ ਹੁੰਦਾ ਸੀ। ਉਹ ਇੱਕ ਅਜਿਹੀ ਦੁਨੀਆਂ ਸੀ, ਜਿੱਥੇ ਅੱਖਾਂ ਬੰਦ ਕਰਕੇ ਨਹੀਂ, ਬਲਕਿ ਖੁੱਲ੍ਹੀਆਂ ਅੱਖਾਂ ਨਾਲ ਅਸਮਾਨ ਵੱਲ ਦੇਖ ਕੇ ਖ਼ਾਬ ਬੁਣੇ ਜਾਂਦੇ ਸਨ।


ਉਸ ਪਰਮ-ਸ਼ਾਂਤੀ ਦੇ ਮਾਹੌਲ ਵਿੱਚ ਜਦੋਂ ਕਦੇ ਕੋਈ ਤਾਰਾ ਆਪਣਾ ਪੰਧ ਛੱਡ ਕੇ ਅਸਮਾਨ ਦੀ ਹਿੱਕ 'ਤੇ ਚਾਨਣ ਦੀ ਇੱਕ ਲੰਮੀ ਲਕੀਰ ਵਾਹੁੰਦਾ, ਤਾਂ ਲੱਗਦਾ ਜਿਵੇਂ ਕੁਦਰਤ ਨੇ ਖੁਦ ਧਰਤੀ ਵੱਲ ਮੁਹੱਬਤ ਦਾ ਕੋਈ ਪੈਗਾਮ ਭੇਜਿਆ ਹੋਵੇ। ਟੁੱਟਦੇ ਤਾਰੇ ਨੂੰ ਦੇਖ ਕੇ ਦਿਲ ਇੱਕ ਪਲ ਲਈ ਥੰਮ੍ਹ ਜਾਂਦਾ ਅਤੇ ਹੱਥ ਖੁਦ-ਬ-ਖੁਦ ਦੁਆ ਵਿੱਚ ਉੱਠ ਜਾਂਦੇ। ਉਸ ਵੇਲੇ ਮੰਗੀਆਂ ਗਈਆਂ ਵਿਸ਼ਾਂ ਵਿੱਚ ਕੋਈ ਦੁਨਿਆਵੀ ਲਾਲਚ ਜਾਂ ਵਪਾਰ ਨਹੀਂ ਹੁੰਦਾ ਸੀ, ਬਲਕਿ ਇੱਕ ਅਜਿਹੀ ਸਾਦਗੀ ਅਤੇ ਆਸ ਹੁੰਦੀ ਸੀ ਜੋ ਸਿੱਧੀ ਰੱਬ ਦੇ ਦਰ 'ਤੇ ਕਬੂਲ ਹੁੰਦੀ ਪ੍ਰਤੀਤ ਹੁੰਦੀ। ਅੱਜ ਜਦੋਂ ਅਸੀਂ ਮਸ਼ੀਨੀ ਚਾਨਣ ਦੀ ਚਕਾਚੌਂਧ ਵਿੱਚ ਉਸ ਸਾਫ਼-ਸੁਥਰੇ ਅਸਮਾਨ ਅਤੇ ਤਾਰਿਆਂ ਦੀ ਲੋਅ ਨੂੰ ਗੁਆ ਬੈਠੇ ਹਾਂ, ਤਾਂ ਪੰਜਾਬ ਦਾ ਉਹ ਪੁਰਾਣਾ ਵੇਲਾ ਕਿਸੇ ਮੁਕੱਦਸ ਨਜ਼ਮ ਵਾਂਗ ਯਾਦ ਆਉਂਦਾ ਹੈ ਇੱਕ ਅਜਿਹਾ ਸੁਣਹਿਰੀ ਸਮਾਂ, ਜਿੱਥੇ ਇਨਸਾਨ ਕੋਲ ਅਸਮਾਨ ਨੂੰ ਦੇਖਣ ਦੀ ਵਿਹਲ ਵੀ ਸੀ ਅਤੇ ਤਾਰਿਆਂ ਦੀ ਬੋਲੀ ਸਮਝਣ ਵਾਲਾ ਸਾਫ਼ ਦਿਲ ਵੀ। ਅਜੋਕੀ ਮਸ਼ੀਨੀ ਜ਼ਿੰਦਗੀ ਵਿੱਚ ਅਸੀਂ ਏਸੀ ਦੀ ਸਵਿੱਚ ਦੱਬ ਕੇ ਕਮਰੇ ਦੀਆਂ ਚਾਰ ਦੀਵਾਰੀਆਂ ਦੇ ਅੰਦਰ ਸੌਣ ਦੇ ਇੰਨੇ ਆਦੀ ਹੋ ਚੁੱਕੇ ਹਾਂ ਕਿ ਸਾਡਾ ਕੁਦਰਤ ਨਾਲੋਂ ਨਾਤਾ ਜਿਵੇਂ ਪੂਰੀ ਤਰ੍ਹਾਂ ਟੁੱਟ ਹੀ ਗਿਆ ਹੈ। ਲੰਮਾ ਸਮਾਂ ਬੀਤ ਗਿਆ, ਕਦੇ ਖੁੱਲ੍ਹੇ ਆਸਮਾਨ ਹੇਠਾਂ ਬਿਸਤਰਾ ਵਿਛਾ ਕੇ ਰਾਤ ਦੀ ਠੰਢਕ ਨੂੰ ਮਹਿਸੂਸ ਕਰਨ ਦਾ ਮੌਕਾ ਹੀ ਨਹੀਂ ਮਿਲਿਆ। ਸ਼ਹਿਰਾਂ ਦੇ ਸ਼ੋਰ ਅਤੇ ਬਨਾਵਟੀ ਚਮਕ-ਦਮਕ ਨੇ ਸਾਨੂੰ ਕੁਦਰਤ ਦੇ ਉਸ ਅਸਲ ਸਕੂਨ ਤੋਂ ਦੂਰ ਕਰ ਦਿੱਤਾ ਹੈ ਜੋ ਕਦੇ ਸਾਡੀ ਰੂਹ ਦਾ ਹਿੱਸਾ ਹੁੰਦਾ ਸੀ। ਪਰ ਇਸ ਵਾਰ ਜਦੋਂ ਹਮਤਾ ਪਾਸ ਦੀ ਯਾਤਰਾ ਦੌਰਾਨ ਪਹਾੜਾਂ ਦੀ ਗੋਦ ਵਿੱਚ ਜਾਣ ਦਾ ਸਬੱਬ ਬਣਿਆ, ਤਾਂ ਜ਼ਿੰਦਗੀ ਦਾ ਇੱਕ ਅਨੋਖਾ ਤੇ ਅਭੁੱਲ ਪੰਨਾ ਖੁੱਲ੍ਹ ਗਿਆ।



ਉਸ ਠੰਢੀ ਰਾਤ ਨੂੰ ਜਦੋਂ ਅਸੀਂ ਬੋਨਫਾਇਰ ਦੇ ਨਿੱਘ ਦਾ ਆਨੰਦ ਲੈਂਦੇ ਹੋਏ ਬੈਠੇ ਸੀ, ਤਾਂ ਗੱਲਾਂ-ਗੱਲਾਂ ਵਿੱਚ ਸਮੇਂ ਦਾ ਪਤਾ ਹੀ ਨਹੀਂ ਲੱਗਿਆ ਅਤੇ ਰਾਤ ਕਾਫ਼ੀ ਗੂੜ੍ਹੀ ਹੋ ਗਈ। ਜਦੋਂ ਅਚਾਨਕ ਨਜ਼ਰ ਉੱਪਰ ਵੱਲ ਗਈ, ਤਾਂ ਸਾਹਮਣੇ ਇੱਕ ਅਜਿਹਾ ਨਜ਼ਾਰਾ ਸੀ ਜਿਸ ਨੇ ਸਾਹ ਰੋਕ ਦਿੱਤੇ। ਉਹ ਪੂਰੀ ਤਰ੍ਹਾਂ ਕਾਲੀ ਸਿਆਹ ਰਾਤ ਸੀ, ਜੋ ਲੱਖਾਂ-ਕਰੋੜਾਂ ਟਿਮਟਿਮਾਉਂਦੇ ਤਾਰਿਆਂ ਨਾਲ ਨਕਾ-ਨਕ ਭਰੀ ਹੋਈ ਸੀ। ਉਸ ਅਨੰਤ ਆਸਮਾਨ ਨੂੰ ਦੇਖ ਕੇ ਇੰਝ ਪ੍ਰਤੀਤ ਹੋ ਰਿਹਾ ਸੀ ਜਿਵੇਂ ਕੋਈ ਸ਼ਾਹੀ ਬਰਾਤ ਆਈ ਹੋਵੇ ਅਤੇ ਪੂਰੇ ਬ੍ਰਹਮੰਡ ਨੂੰ ਚਮਕਦੀਆਂ ਹੋਈਆਂ ਲਾਈਟਾਂ ਨਾਲ ਸਜਾ ਦਿੱਤਾ ਗਿਆ ਹੋਵੇ। ਉਹ ਇੱਕ ਅਜਿਹਾ ਅਲੌਕਿਕ ਦ੍ਰਿਸ਼ ਸੀ, ਜਿਸ ਨੂੰ ਦੇਖ ਕੇ ਦਿਲ ਦੇ ਕਿਸੇ ਕੋਨੇ ਵਿੱਚ ਸਾਲਾਂ ਤੋਂ ਗੁਆਚਿਆ ਹੋਇਆ ਸਕੂਨ ਅਚਾਨਕ ਮੁੜ ਪਰਤ ਆਇਆ।

ਮੈਂ ਘੰਟਿਆਂ ਬੱਧੀ ਆਸਮਾਨ ਵੱਲ ਮੂੰਹ ਕੀਤੇ ਬਸ ਓਸੇ ਨੂਰ ਨੂੰ ਨਿਹਾਰਦਾ ਰਿਹਾ। ਤਾਰਿਆਂ ਦੀ ਉਸ ਰਿਸ਼ਮਾਂ ਭਰੀ ਚਾਦਰ ਨੂੰ ਦੇਖ ਕੇ ਇੰਝ ਲੱਗਦਾ ਸੀ ਜਿਵੇਂ ਮੇਰੀਆਂ ਥੱਕੀਆਂ ਹੋਈਆਂ ਅੱਖਾਂ ਨੂੰ ਇੱਕ ਅਕੱਥ ਠੰਢਕ ਮਿਲ ਗਈ ਹੋਵੇ, ਜਿਵੇਂ ਉਹ ਸੱਚਮੁੱਚ ਠੰਢੀਆਂ ਹੋ ਗਈਆਂ ਹੋਣ। ਮਨ ਇੰਨਾ ਭਰ ਆਇਆ ਕਿ ਮੈਂ ਆਪਣਾ ਪੂਰਾ ਜ਼ੋਰ ਲਗਾ ਕੇ ਉਸ ਰੂਹਾਨੀ ਨਜ਼ਾਰੇ ਨੂੰ ਆਪਣੇ ਕੈਮਰੇ ਦੀ ਅੱਖ ਵਿੱਚ ਕੈਦ ਕਰਨ ਦੀ ਕੋਸ਼ਿਸ਼ ਕਰਨ ਲੱਗਾ, ਤਾਂ ਜੋ ਕੁਦਰਤ ਦੀ ਇਸ ਬੇਮਿਸਾਲ ਜਾਦੂਗਰੀ ਨੂੰ ਹਮੇਸ਼ਾ ਲਈ ਆਪਣੇ ਕੋਲ ਸਾਂਭ ਕੇ ਰੱਖ ਸਕਾਂ। ਭਾਵੇਂ ਕੈਮਰਾ ਉਸ ਖ਼ੂਬਸੂਰਤੀ ਨੂੰ ਪੂਰੀ ਤਰ੍ਹਾਂ ਸਮੇਟ ਸਕਿਆ ਜਾਂ ਨਹੀਂ, ਪਰ ਉਹ ਰਾਤ ਮੇਰੇ ਮਨ ਦੇ ਕੋਰੇ ਕਾਗਜ਼ 'ਤੇ ਇੱਕ ਅਜਿਹੀ ਖ਼ੂਬਸੂਰਤ ਇਬਾਰਤ ਲਿਖ ਗਈ, ਜੋ ਜ਼ਿੰਦਗੀ ਭਰ ਮੈਨੂੰ ਕੁਦਰਤ ਦੇ ਨੇੜੇ ਹੋਣ ਦਾ ਅਹਿਸਾਸ ਕਰਵਾਉਂਦੀ ਰਹੇਗੀ।

Chevron
TRUCK STOP
OPEN PARKING, DELI, SHOWER, LAUNDRY
• ਸਸਤਾ ਡੀਜ਼ਲ • ਕਾਰਾਂ ਦੀ ਸਸਤੀ ਗੈਸ
We accept all major fleet cards, credit cards including, Visa, MC, AE, Discover, Voyag and Writer Express.



(Or $9 off Chevron In-Store Purchase)
ਇਥੇ ਪੰਜਾਬੀ ਰੈਸਟੋਰੈਂਟ ਵੀ ਹੈ ਅਤੇ ਹਰ ਵੇਲੇ ਪੰਜਾਬੀ ਖਾਣਾ ਮਿਲਦਾ ਹੈ।
Contact :
BALRAJ SINGH PANNU
541-942-0105
Chevron
1250, Gateway Blvd. Cottage, OR 97424,
Ph : 541-942-4142 Fax : 541-942-9668

PIONEER VILLA



Chevron
TRUCK PLAZA
MOTEL • RESTAURANT
LOUNGE • MINI-MART
GIFT SHOP • OPEN 24 HR
FLEET • MULTI SERVICE
WE ACCEPT-TCH T-CHECK
COM CHECK - EFS -
ALL MAJOR CREDIT CARDS
PREETI PANNU
(541) 369-2801
FAX (541) 369-3810
33180 HWY 228 HALSEY, OR 97348


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280



ਡਰਾਈਵਰ ਦੀ ਜ਼ਿੰਦਗੀ ਦੇ
2 ਸਭ ਤੋਂ ਵੱਡੇ ਦੁਸ਼ਮਣ ਕੌਣ?
ਕਾਗਜ਼ ਤੇ ਘਾਟ ਦਾ ਇਨਵੌਇਸ!

# ਇਨਵੌਇਸ ਬਣਾਓ ਆਸਾਨ, ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ **Traki** ਨਾਲ.

**ਕਾਗਜ਼ ਸੰਭਾਲੋ**
ਫੋਟੋ, PDF ਤੇ ਆਪਣੇ ਡੌਕੂਮੈਂਟ ਇਕੱਤਰ ਰੱਖੋ.

INVOICE
**ਇਨਵੌਇਸ ਬਣਾਓ**
AI ਮਦਦ ਨਾਲ ਆਟੋ ਫਿਲ ਅਤੇ ਪੇਸ਼ੇਵਰ ਇਨਵੌਇਸ ਤਿਆਰ.

**ਕਮਾਈ ਵਧਾਓ**
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ, ਤੇ ਟਾਈਮ ਬਚਾਓ.

**ਅੱਜ ਹੀ ਸ਼ੁਰੂ ਕਰੋ!**

**3 ਦਿਨ ਦਾ ਮੁਫ਼ਤ TRIAL ਮਿਲੇਗਾ!**

ਟਰਾਈ ਕਰੋ, ਪਸੰਦ ਆਇਆ ਤਾਂ ਅੱਗੇ ਵਧੋ!

QR ਸਕੈਨ ਕਰੋ ਤੇ Traki ਡਾਊਨਲੋਡ ਕਰੋ ਹੁਣੇ!

**ਟਾਈਮ ਬਚਾਓ**
ਕਾਗਜ਼ੀ ਕੰਮ ਘੱਟ, ਡਰਾਈਵ ਵੱਧ.

**ਗਲਤੀ ਘੱਟ**
ਆਟੋਮੈਟਿਕ ਫਿਲ ਤੇ ਸਹੀ ਇਨਵੌਇਸ.

**ਆਫਲਾਈਨ ਕੰਮ**
ਇੰਟਰਨੈੱਟ ਬਿਨਾਂ ਵੀ ਸਭ ਕੁਝ ਚੱਲਦਾ.

**ਸਭ ਕੁਝ ਇੱਕ ਜਗ੍ਹਾ**
ਡੌਕੂਮੈਂਟ, ਇਨਵੌਇਸ ਤੇ ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

TRAKI
ਡਰਾਈਵਰ ਦਾ ਅਸਲੀ ਯਾਰ.


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਅੱਜ ਹੀ ਕਾਲ ਕਰੋ :
ਰਾਜਿੰਦਰ ਟਾਂਡਾ
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330



ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ

# ਨੀਟ-ਪੀਏ (ਨੀਟ ਪੀਏ): ਦਸਵੀਂ ਜਮਾਤ ਦੇ ਵਿਦਿਆਰਥੀਆਂ ਲਈ ਆਯੁਰਵੈਦਿਕ ਡਾਕਟਰ ਬਣਨ ਦਾ ਨਵਾਂ ਰਾਹ

ਭਾਰਤ ਦੀ ਸਿੱਖਿਆ ਪ੍ਰਣਾਲੀ ਵਿੱਚ ਲਗਾਤਾਰ ਨਵੇਂ ਬਦਲਾਅ ਆ ਰਹੇ ਹਨ। ਇਨ੍ਹਾਂ ਵਿੱਚੋਂ ਇੱਕ ਮਹੱਤਵਪੂਰਨ ਪਹਿਲ ਨੀਟ-ਪੀਏ (ਨੀਟ-ਪੀਏ) ਹੈ, ਜੋ ਦਸਵੀਂ ਜਮਾਤ ਤੋਂ ਬਾਅਦ ਹੀ ਵਿਦਿਆਰਥੀਆਂ ਨੂੰ ਆਯੁਰਵੇਦ ਦੇ ਖੇਤਰ ਵਿੱਚ ਆਪਣਾ ਕਰੀਅਰ ਬਣਾਉਣ ਲਈ ਇੱਕ ਨਵਾਂ ਅਤੇ ਯੋਜਨਾਬੱਧ ਰਸਤਾ ਪ੍ਰਦਾਨ ਕਰਦੀ ਹੈ। ਇਸ ਪਹਿਲ ਦਾ ਉਦੇਸ਼ ਉਹਨਾਂ ਵਿਦਿਆਰਥੀਆਂ ਦੀ ਛੋਟੀ ਉਮਰ ਵਿੱਚ ਹੀ ਪਛਾਣ ਕਰਨਾ ਹੈ ਜੋ ਡਾਕਟਰੀ ਖੇਤਰ ਵਿੱਚ ਰੁਚੀ ਰੱਖਦੇ ਹਨ ਅਤੇ ਉਨ੍ਹਾਂ ਨੂੰ ਇੱਕ ਏਕੀਕ੍ਰਿਤ ਸਿੱਖਿਆ ਪ੍ਰਣਾਲੀ ਰਾਹੀਂ ਆਯੁਰਵੇਦਿਕ ਡਾਕਟਰ ਬਣਨ ਵੱਲ ਅੱਗੇ ਵਧਾਉਣਾ ਹੈ।

ਆਯੁਰਵੇਦ ਦਾ ਵਧਦਾ ਮਹੱਤਵ

ਆਯੁਰਵੇਦ ਭਾਰਤ ਦੀ ਹਜ਼ਾਰਾਂ ਸਾਲ ਪੁਰਾਣੀ ਚਿਕਿਤਸਾ ਪ੍ਰਣਾਲੀ ਹੈ, ਜੋ ਸਿਰਫ਼ ਬਿਮਾਰੀਆਂ ਦਾ ਇਲਾਜ ਹੀ ਨਹੀਂ, ਸਗੋਂ ਸਿਹਤਮੰਦ ਜੀਵਨ ਸ਼ੈਲੀ, ਸੰਤੁਲਿਤ ਖੁਰਾਕ ਅਤੇ ਬਿਮਾਰੀਆਂ ਦੀ ਰੋਕਥਾਮ 'ਤੇ ਵੀ ਜ਼ੋਰ ਦਿੰਦੀ ਹੈ। ਅੱਜ ਦੁਨੀਆ ਭਰ ਵਿੱਚ ਕੁਦਰਤੀ ਅਤੇ ਸਮਗ੍ਰ (ਹੋਲਿਸਟਿਚ) ਇਲਾਜ ਪ੍ਰਤੀ ਰੁਝਾਨ ਵਧ ਰਿਹਾ ਹੈ, ਜਿਸ ਕਾਰਨ ਆਯੁਰਵੇਦ ਦੀ ਮੰਗ ਵੀ ਲਗਾਤਾਰ ਵਧ ਰਹੀ ਹੈ।

ਨੀਟ-ਪੀਏ ਕਿਉਂ ਹੈ ਮਹੱਤਵਪੂਰਨ?

ਹੁਣ ਤੱਕ ਆਮ ਤੌਰ 'ਤੇ ਵਿਦਿਆਰਥੀਆਂ ਨੂੰ ਬਾਰ੍ਹਵੀਂ ਜਮਾਤ ਪਾਸ ਕਰਨ ਤੋਂ ਬਾਅਦ ਹੀ ਡਾਕਟਰੀ ਖੇਤਰ ਵਿੱਚ ਦਾਖ਼ਲੇ ਦਾ ਮੌਕਾ ਮਿਲਦਾ ਸੀ। ਨੀਟ-ਪੀਏ ਇਸ ਸੋਚ ਵਿੱਚ ਇੱਕ ਨਵਾਂ ਬਦਲਾਅ ਲਿਆਉਂਦਾ ਹੈ। ਇਹ ਵਿਦਿਆਰਥੀਆਂ ਨੂੰ ਦਸਵੀਂ ਤੋਂ ਬਾਅਦ ਹੀ ਆਯੁਰਵੇਦ ਨਾਲ ਜੁੜੀ ਪੜ੍ਹਾਈ ਦੀ ਦਿਸ਼ਾ ਵਿੱਚ ਅੱਗੇ ਵਧਣ ਦਾ ਮੌਕਾ ਦਿੰਦਾ ਹੈ, ਜਿਸ ਨਾਲ ਉਹ ਆਪਣੇ ਲਕਸ਼ ਨੂੰ ਸ਼ੁਰੂ ਤੋਂ ਹੀ ਸਪਸ਼ਟ ਤਰੀਕੇ ਨਾਲ ਤਿਆਰ ਕਰ ਸਕਦੇ ਹਨ।

ਵਿਦਿਆਰਥੀਆਂ ਲਈ ਲਾਭ

ਨੀਟ-ਪੀਏ ਕਈ ਪੱਖਾਂ ਤੋਂ ਲਾਭਦਾਇਕ ਸਾਬਤ ਹੋ ਸਕਦਾ ਹੈ

ਦਸਵੀਂ ਤੋਂ ਬਾਅਦ ਹੀ ਕਰੀਅਰ ਦੀ ਸਪਸ਼ਟ ਦਿਸ਼ਾ ਮਿਲੇਗੀ।

ਆਯੁਰਵੇਦ, ਜੀਵ ਵਿਗਿਆਨ ਅਤੇ ਸਿਹਤ ਵਿਗਿਆਨ ਦੀ ਮਜ਼ਬੂਤ ਨੀਂਹ ਤਿਆਰ ਹੋਵੇਗੀ।

ਲੰਬੇ ਸਮੇਂ ਦੀ ਯੋਜਨਾਬੱਧ ਪੜ੍ਹਾਈ ਨਾਲ ਵਿਦਿਆਰਥੀ ਹੋਰ ਆਤਮਵਿਸ਼ਵਾਸੀ ਬਣਨਗੇ।

ਆਯੁਰਵੇਦ ਦੇ ਸਿਧਾਂਤਾਂ ਅਤੇ ਭਾਰਤੀ ਪਰੰਪਰਾਗਤ ਗਿਆਨ ਨਾਲ ਸ਼ੁਰੂ ਤੋਂ ਹੀ ਜਾਣ-ਪਛਾਣ ਹੋਵੇਗੀ।

ਉੱਚ ਸਿੱਖਿਆ ਅਤੇ ਭਵਿੱਖ ਦੇ ਰੋਜ਼ਗਾਰ ਲਈ ਵਧੀਆ ਤਿਆਰੀ ਹੋਵੇਗੀ।

ਆਯੁਰਵੇਦ ਵਿੱਚ ਕਰੀਅਰ ਦੀਆਂ ਵਧਦੀਆਂ ਸੰਭਾਵਨਾਵਾਂ

ਅੱਜ ਆਯੁਰਵੇਦਿਕ ਡਾਕਟਰਾਂ ਲਈ ਮੌਕੇ ਲਗਾਤਾਰ ਵਧ ਰਹੇ ਹਨ। ਸਰਕਾਰੀ ਅਤੇ ਨਿੱਜੀ ਹਸਪਤਾਲਾਂ, ਆਯੁਸ਼ ਸੰਸਥਾਵਾਂ, ਖੋਜ ਕੇਂਦਰਾਂ, ਹਰਬਲ ਦਵਾਈ ਕੰਪਨੀਆਂ, ਵੈੱਲਨੈੱਸ ਸੈਂਟਰਾਂ, ਯੋਗਾ ਸੰਸਥਾਵਾਂ ਅਤੇ ਵਿਦੇਸ਼ਾਂ ਵਿੱਚ ਵੀ ਪ੍ਰਸ਼ਿਕਸ਼ਿਤ ਆਯੁਰਵੇਦਿਕ ਡਾਕਟਰਾਂ ਦੀ ਮੰਗ ਵਧ ਰਹੀ ਹੈ।

ਇਸ ਖੇਤਰ ਵਿੱਚ ਵਿਦਿਆਰਥੀ ਹੇਠ ਲਿਖੇ ਖੇਤਰਾਂ ਵਿੱਚ ਆਪਣਾ ਭਵਿੱਖ ਬਣਾ ਸਕਦੇ ਹਨ

ਆਯੁਰਵੇਦਿਕ ਡਾਕਟਰ ਵਜੋਂ ਕਲੀਨਿਕ ਚਲਾਉਣਾ

ਸਰਕਾਰੀ ਆਯੁਸ਼ ਸੇਵਾਵਾਂ

ਖੋਜ ਅਤੇ ਵਿਕਾਸ

ਅਧਿਆਪਨ

ਹਰਬਲ ਅਤੇ ਫਾਰਮਾਸਿਊਟੀਕਲ ਉਦਯੋਗ

ਸਿਹਤ ਸਲਾਹਕਾਰ

ਵੈੱਲਨੈੱਸ ਅਤੇ ਮੈਡੀਕਲ ਟੂਰਿਜ਼ਮ

ਉਦਯੋਗਪਤੀ ਵਜੋਂ ਆਪਣਾ ਕਾਰੋਬਾਰ

ਚੁਣੌਤੀਆਂ ਵੀ ਹਨ

ਹਰ ਨਵੀਂ ਪਹਿਲ ਵਾਂਗ ਨੀਟ-ਪੀਏ ਦੀ ਸਫਲਤਾ ਵੀ ਇਸਦੀ ਗੁਣਵੱਤਾ 'ਤੇ ਨਿਰਭਰ ਕਰੇਗੀ। ਦਾਖ਼ਲਾ ਪ੍ਰਕਿਰਿਆ ਪਾਰਦਰਸ਼ੀ ਹੋਣੀ ਚਾਹੀਦੀ ਹੈ, ਪਾਠਕ੍ਰਮ ਆਧੁਨਿਕ ਅਤੇ ਉੱਚ ਮਿਆਰੀ ਹੋਣਾ ਚਾਹੀਦਾ ਹੈ, ਯੋਗ ਅਧਿਆਪਕ ਉਪਲਬਧ ਹੋਣ ਅਤੇ ਪੇਂਡੂ ਤੇ ਸ਼ਹਿਰੀ ਵਿਦਿਆਰਥੀਆਂ ਨੂੰ ਬਰਾਬਰ ਮੌਕੇ ਮਿਲਣੇ ਚਾਹੀਦੇ ਹਨ।


ਭਾਰਤੀ ਗਿਆਨ ਪਰੰਪਰਾ ਨੂੰ ਨਵੀਂ ਤਾਕਤ

ਰਾਸ਼ਟਰੀ ਸਿੱਖਿਆ ਨੀਤੀ ਅਤੇ ਭਾਰਤ ਸਰਕਾਰ ਦੀਆਂ ਪਹਿਲਾਂ ਦਾ ਉਦੇਸ਼ ਭਾਰਤੀ ਗਿਆਨ ਪਰੰਪਰਾ ਨੂੰ ਆਧੁਨਿਕ ਸਿੱਖਿਆ ਨਾਲ ਜੋੜਨਾ ਹੈ।

ਨੀਟ-ਪੀਏ ਇਸ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਮੰਨਿਆ ਜਾ ਸਕਦਾ ਹੈ। ਇਸ ਨਾਲ ਨੌਜਵਾਨਾਂ ਵਿੱਚ ਆਯੁਰਵੇਦ ਪ੍ਰਤੀ ਰੁਚੀ ਵਧੇਗੀ ਅਤੇ ਦੇਸ਼ ਨੂੰ ਭਵਿੱਖ ਵਿੱਚ ਹੋਰ ਯੋਗ ਆਯੁਰਵੇਦਿਕ ਡਾਕਟਰ ਮਿਲਣਗੇ।

ਨੀਟ-ਪੀਏ ਦਸਵੀਂ ਜਮਾਤ ਦੇ ਉਹਨਾਂ ਵਿਦਿਆਰਥੀਆਂ ਲਈ ਇੱਕ ਸੁਨਹਿਰੀ ਮੌਕਾ ਹੋ ਸਕਦਾ ਹੈ ਜੋ ਆਯੁਰਵੇਦ ਦੇ ਖੇਤਰ ਵਿੱਚ ਆਪਣਾ ਕਰੀਅਰ ਬਣਾਉਣਾ ਚਾਹੁੰਦੇ ਹਨ। ਇਹ ਨਾ ਸਿਰਫ਼ ਇੱਕ ਨਵਾਂ ਸਿੱਖਿਆ ਮਾਰਗ ਹੈ, ਸਗੋਂ ਭਾਰਤ ਦੀ ਪ੍ਰਾਚੀਨ ਚਿਕਿਤਸਾ ਪਰੰਪਰਾ ਨੂੰ ਨਵੀਂ ਪੀੜ੍ਹੀ ਨਾਲ ਜੋੜਨ ਦਾ ਇੱਕ ਪ੍ਰਭਾਵਸ਼ਾਲੀ ਯਤਨ ਵੀ ਹੈ।


ਜੇਕਰ ਇਸ ਯੋਜਨਾ ਨੂੰ ਉੱਚ ਗੁਣਵੱਤਾ, ਪਾਰਦਰਸ਼ਤਾ ਅਤੇ ਵਿਦਿਆਰਥੀ-ਕੇਂਦਰਿਤ ਦ੍ਰਿਸ਼ਟੀਕੋਣ ਨਾਲ ਲਾਗੂ ਕੀਤਾ ਜਾਂਦਾ ਹੈ, ਤਾਂ ਇਹ ਆਉਣ ਵਾਲੇ ਸਾਲਾਂ ਵਿੱਚ ਭਾਰਤ ਨੂੰ ਕਾਬਲ, ਸੰਵੇਦਨਸ਼ੀਲ ਅਤੇ ਵਿਗਿਆਨਕ ਸੋਚ ਵਾਲੇ ਆਯੁਰਵੇਦਿਕ ਡਾਕਟਰ ਪ੍ਰਦਾਨ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਸਕਦੀ ਹੈ।





WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0
(Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.


Pal Films Production
All Your Photo/Videography &
Post Production needs Under One Roof
PF
RED PRO 5.0
RED
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ |
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307



ਬਰਜਿੰਦਰ ਕੌਰ ਬਿਸਰਾਓ
99889-01324

# ਫ਼ਰਜ਼ਾਂ ਦੀ ਪੰਡ

ਮਨੀ, ਘਰਦਿਆਂ ਲਈ ਕੁੜੀ ਤਾਂ ਇੱਕ ਨਾਂ ਦੀ ਹੀ ਸੀ ਪਰ ਉਸ ਨੇ ਜੋ ਕੁਝ ਆਪਣੇ ਪਰਿਵਾਰ ਦੀ ਖਾਤਰ ਕੀਤਾ ਸੀ ਉਹ ਤਾਂ ਮੁੰਡੇ ਵੀ ਨਹੀਂ ਕਰ ਸਕਦੇ। ਦੋਵੇਂ ਭਰਾ ਤੇ ਪਿਉ ਚਹੁੰ ਕਿੱਲਿਆਂ ਦੀ ਖੇਤੀਬਾੜੀ ਕਰਦੇ ਸਨ । ਦੋਵਾਂ ਦੇ ਪਰਿਵਾਰਾਂ ਦਾ ਗੁਜ਼ਾਰਾ ਮੁਸ਼ਕਲ ਨਾਲ ਈ ਚੱਲਦਾ ਸੀ। ਉਸ ਦੀ ਵੱਡੀ ਭੈਣ ਗੁਰੀ ਅਮਰੀਕਾ ਰਹਿੰਦੇ ਮੁੰਡੇ ਨਾ.ਲ ਵਿਆਹੀ ਗਈ ਸੀ ਪਰ ਉਸ ਦਾ ਪਤੀ ਜਮ੍ਹਾਂ ਨਿਕੰਮਾ, ਸ਼ਰਾਬ ਪੀ ਕੇ ਉਸ ਨਾ.ਲ ਕੁੱਟ ਮਾਰ ਕਰਦਾ ਸੀ।ਸਾਲ ਬਾਅਦ ਉਸ ਦੇ ਘਰ ਇੱਕ ਧੀ ਨੇ ਜਨਮ ਲਿਆ ਤਾਂ ਉਸ ਦੇ ਪਤੀ ਨੇ ਤਲਾਕ ਲੈਣ ਲਈ ਆਖ ਦਿੱਤਾ। ਗੁਰੀ ਨੇ ਵੀ ਸੋਚਿਆ ਕਿ ਰੋਜ਼ ਰੋਜ਼ ਦੀ ਕੁੱਟਮਾਰ ਤੋਂ ਤਾਂ ਚੰਗਾ ਹੈ ਕਿ ਉਹ ਵੀ ਉਸ ਮਾੜੇ ਬੰਦੇ ਤੋਂ ਕਿਨਾਰਾ ਕਰ ਲਏ। ਤਲਾਕ ਤੋਂ ਬਾਅਦ ਗੁਰੀ ਆਪਣੀ ਨਿੱਕੀ ਜਿਹੀ ਧੀ ਨਾ.ਲ ਵਧੀਆ ਗੁਜ਼ਾਰਾ ਕਰ ਰਹੀ ਸੀ ।ਐਧਰ ਮਾਪੇ ਮਨੀ ਦੇ ਵਿਆਹ ਲਈ ਉਸ ਤੇ ਜ਼ੋਰ ਪਾ ਰਹੇ ਸਨ ਪਰ ਉਹ ਵਿਆਹ ਕਰਵਾਉਣ ਲਈ ਮੰਨ ਨਹੀਂ ਰਹੀ ਸੀ ਕਿਉਂਕਿ ਉਹ ਜੋ ਨੌਕਰੀ ਕਰਦੀ ਸੀ ਉਸ ਨਾ.ਲ ਉਸ ਦੇ ਪੇਕੇ ਪਰਿਵਾਰ ਨੂੰ ਕਾਫ਼ੀ ਸਹਾਰਾ ਮਿਲ ਜਾਂਦਾ ਸੀ।ਉਹ ਨਿੱਕੇ ਨਿੱਕੇ ਭਤੀਜੇ ਭਤੀਜੀਆਂ ਦੇ ਛੋਟੇ ਛੋਟੇ ਸ਼ੌਕ ਪੂਰੇ ਕਰ ਦਿੰਦੀ ਤੇ ਹੋਰ ਘਰ ਦੀਆਂ ਨਿੱਕੀਆਂ ਮੋਟੀਆਂ ਜ਼ਰੂਰੀ ਚੀਜ਼ਾਂ ਨੂੰ ਖ਼ਰੀਦ ਕੇ ਉਹਨਾਂ ਨੂੰ ਖੇਤੀਬਾੜੀ ਤੋਂ ਹੋਣ ਵਾਲੀ ਘੱਟ ਆਮਦਨ ਦਾ ਅਹਿਸਾਸ ਨਾ ਹੋਣ ਦਿੰਦੀ। ਇੱਕ ਮੁੰਡੇ ਨੇ ਉਸ ਨਾਲ ਵਿਆਹ ਕਰਵਾਉਣ ਲਈ ਆਪਣੀ ਇੱਛਾ ਜ਼ਾਹਿਰ ਕੀਤੀ ਪਰ ਉਸ ਨੂੰ ਆਪਣੇ ਪੇਕੇ ਪਰਿਵਾਰ ਦੀ ਕਮਜ਼ੋਰ ਆਰਥਿਕ ਹਾਲਤ ਦਾ ਖਿਆਲ ਹੋਣ ਕਰਕੇ ਚਾਹੁੰਦੀ ਹੋਈ ਵੀ ਹਾਂ ਨਾ ਕੀਤੀ।

ਓਧਰ ਮਨੀ ਦੀ ਭੈਣ ਗੁਰੀ ਲਗਾਤਾਰ ਬੀਮਾਰ ਰਹਿਣ ਲੱਗ ਪਈ ਸੀ।ਉਸ ਨੇ ਜਦ ਟੈਸਟ ਕਰਵਾਇਆ ਤਾਂ ਉਸ ਨੂੰ ਕੈਂਸਰ ਨਿਕਲ ਆਈ,ਉਹ ਵੀ ਤੀਜੀ ਸਟੇਜ ਦੀ । ਡਾਕਟਰਾਂ ਨੇ ਉਸ ਨੂੰ ਦੱਸਿਆ ਕਿ ਉਸ ਦੀ ਛੇ ਮਹੀਨੇ ਦੀ ਹੋਰ ਜ਼ਿੰਦਗੀ ਬਚੀ ਸੀ। ਉਸ ਦੀ ਧੀ ਮਸਾਂ ਤਿੰਨ ਵਰ੍ਹਿਆਂ ਦੀ ਸੀ। ਉਸ ਨੇ ਆਪਣੇ ਤੋਂ ਬਾਅਦ ਆਪਣੀ ਛੋਟੀ ਭੈਣ ਨੂੰ ਕਾਨੂੰਨੀ ਤੌਰ ਤੇ ਆਪਣੀ ਧੀ ਦੀ ਵਾਰਿਸ ਬਣਾ ਕੇ ਆਪਣੇ ਕੋਲ ਬੁਲਾ ਲਿਆ। ਜਦ ਤੱਕ ਮਨੀ ਉਸ ਕੋਲ ਵਿਦੇਸ਼ ਗਈ ਉਹ ਜ਼ਿੰਦਗੀ ਦੇ ਆਖ਼ਰੀ ਪੜਾਅ ਤੇ ਪਹੁੰਚ ਚੁੱਕੀ ਸੀ।ਉਸ ਨੂੰ ਬੱਸ ਜਿਵੇਂ ਆਪਣੀ ਧੀ ਸੰਭਾਲਣ ਲਈ ਇਸ ਦਾ ਹੀ ਇੰਤਜ਼ਾਰ ਹੋਵੇ। ਇਸ ਦੇ ਪਹੁੰਚਦੇ ਹੀ ਦੂਜੇ ਦਿਨ ਉਹ ਅੱਖਾਂ ਮੀਟ ਗਈ। ਮਨੀ ਇੱਕ ਤਰ੍ਹਾਂ ਨਾਲ ਉਸ ਬੱਚੀ ਦੀ ਕੁਆਰੀ ਮਾਂ ਬਣ ਗਈ ਸੀ। ਹੁਣ ਤਾਂ ਉਹ ਚਾਹ ਕੇ ਵੀ ਵਿਆਹ ਨਹੀਂ ਕਰਵਾ ਸਕਦੀ ਸੀ। ਉਸ ਨੇ ਤਾਂ ਹੁਣ ਜ਼ਿੰਮੇਵਾਰੀਆਂ ਦਾ ਪਟਾ ਲੱਕ ਨੂੰ ਲਪੇਟ ਲਿਆ ਸੀ। ਦਿਨ ਰਾਤ ਮਿਹਨਤ ਕਰਕੇ ਅਪਣੇ ਪਰਿਵਾਰ ਨੂੰ ਵੀ ਖੂਬ ਪੈਸਾ ਭੇਜਦੀ, ਕੁੜੀ ਨੂੰ ਵੀ ਆਪਣੀ ਧੀ ਵਾਂਗ ਹੀ ਪਾਲਦੀ। ਪੇਕਿਆਂ ਦੀ ਆਰਥਿਕ ਹਾਲਤ ਵੀ ਬਹੁਤ ਵਧੀਆ ਹੋ ਗਈ ਸੀ।

ਧੀਆਂ ਜਵਾਨ ਹੁੰਦੀਆਂ ਦਾ ਕਦ ਪਤਾ ਲੱਗਦਾ ਹੈ,ਗੁਰੀ ਦੀ ਧੀ ਅਠਾਰਾਂ ਸਾਲ ਦੀ ਹੋ ਗਈ ਸੀ। ਹੁਣ ਮਨੀ ਨੂੰ ਆਪਣੇ ਵਿਆਹ ਵਿੱਚ ਕੋਈ ਬੰਦਿਸ਼ਾਂ ਨਹੀਂ ਸਨ ਕਿਉਂ ਕਿ ਕੁੜੀ ਵੀ ਦੂਜੇ ਸ਼ਹਿਰ ਯੂਨੀਵਰਸਿਟੀ ਪੜ੍ਹਨ ਚਲੀ ਗਈ ਸੀ। ਮਨੀ ਦੀ ਵਿਆਹ ਵਾ.ਲੀ ਉਮਰ ਚਾਹੇ ਬੀਤ ਗਈ ਸੀ ਪਰ ਫਿਰ ਵੀ ਇੱਕ ਆਪਣਾ ਘਰ ਤੇ ਆਪਣੇ ਬੱਚਿਆਂ ਦੀ ਖ਼ਵਾਹਿਸ਼ ਤਾਂ ਮਨ ਵਿੱਚ ਦਬੀ ਅਧੂਰੀ ਹੀ ਸੀ। ਉਸ ਨੂੰ ਐਥੇ ਰਹਿੰਦੇ ਸਮੇਂ ਪਸੰਦ ਕਰਨ ਵਾ.ਲੇ ਮੁੰਡੇ ਨੇ ਵੀ ਵਿਆਹ ਨਹੀਂ ਕਰਵਾਇਆ ਸੀ। ਹੁਣ ਉਸ ਨੇ ਉਸ ਨਾਲ ਗੱਲ ਕਰਕੇ ਵਿਆਹ ਕਰਵਾਉਣ ਲਈ ਆਪਣੀ ਰਜ਼ਾਮੰਦੀ ਦੱਸੀ ਤਾਂ ਦੋਵਾਂ ਨੇ ਅਗਲੇ ਮਹੀਨੇ ਵਿਆਹ ਕਰਵਾਉਣ ਦਾ .ਫ਼ੈਸਲਾ ਕੀਤਾ। ਜਦੋਂ ਮਨੀ ਨੇ ਆਪਣੀਆਂ ਭਰਜਾਈਆਂ ਨੂੰ ਵਿਆਹ ਕਰਵਾਉਣ ਲਈ ਇੰਡੀਆ ਆਉਣ ਬਾਰੇ ਦੱਸਿਆ ਤਾਂ ਉਹ ਆਪਸ ਵਿੱਚ ਗੱਲਾਂ ਕਰਦੀਆਂ ਤੇ ਉਸ ਦਾ ਮਜ਼ਾਕ ਉਡਾਉਂਦੇ ਹੋਏ ਗੁਆਂਢਣਾਂ ਕੋ.ਲੇ ਆਖਦੀਆਂ," ਹਲੇ ਤਾਂ ਨਿਆਣੀ ਆ, ਪੰਜਾਹ ਸਾਲਾਂ ਦੀ ਈ ਹੋਈ ਆ... ਹਜੇ ਦੋ ਚਾਰ ਸਾਲ ਹੋਰ ਠਹਿਰ ਜਾਂਦੀ...!" ਪਰ ਗੁਆਂਢਣਾਂ ਨੂੰ ਪਤਾ ਸੀ ਕਿ ਉਹਨਾਂ ਦਾ ਹੁਣ ਖਾਣ ਮਰ ਜਾਣਾ ਹੈ ਇਸ ਲਈ ਉਹ ਇਹੋ ਜਿਹੀਆਂ ਗੱਲਾਂ ਕਰਦੀਆਂ ਹਨ ਨਹੀਂ ਤਾਂ ਉਹ ਭਾਵੇਂ ਉਸ ਦੇ ਪੈਰ ਧੋ ਧੋ ਪੀਣ, ਜਿੰਨਾਂ ਕੁਛ ਉਸ ਨੇ ਇਹਨਾਂ ਦੀ ਖਾਤਰ ਕੀਤਾ ਸੀ।

ਮਨੀ ਆ ਗਈ, ਚਾਹੇ ਉਹ ਪੰਜਾਹ ਵਰ੍ਹਿਆਂ ਦੀ ਹੋ ਗਈ ਸੀ ਪਰ ਦੇਖਣ ਨੂੰ ਹਜੇ ਵੀ ਪੈਂਤੀ ਕੁ ਵਰਿਆਂ ਦੀ ਲੱਗਦੀ ਸੀ। ਉਸ ਨੇ ਵਿਆਹ ਦਾ ਸਾਰਾ ਖਰਚਾ ,ਲੈਣ ਦੇਣ ਦਾ ਸਾਰਾ ਖਰਚਾ ਆਪ ਹੀ ਕੀਤਾ। ਵਿਆਹ ਕਰਵਾ ਕੇ ਉਹ ਮਹੀਨੇ ਕੁ ਬਾਅਦ ਚਲੀ ਗਈ ਸੀ। ਵਿਆਹ ਤੋਂ ਬਾਅਦ ਸਾਲ ਦੇ ਅੰਦਰ ਅੰਦਰ ਉਸ ਨੇ ਦੋ ਚੱਕਰ ਇੰਡੀਆ ਦੇ ਲਾ ਲਏ ਸਨ ਕਿਉਂਕਿ ਹਜੇ ਉਸ ਦੇ ਪਤੀ ਦੇ ਕਾਗਜ਼ ਬਣਨ ਨੂੰ ਟਾਈਮ ਲੱਗਣਾ ਸੀ। ਉਹ ਚਾਹੁੰਦੀ ਸੀ ਕਿ ਪਰਮਾਤਮਾ ਉਸ ਦੀ ਕੁੱਖ ਹਰੀ ਕਰਕੇ ਮਾਂ ਹੋਣ ਦੀ ਖੁਸ਼ੀ ਵੀ ਝੋ.ਲੀ ਵਿੱਚ ਪਾ ਦੇਵੇ । ਇਸ ਵਾਰ ਉਸ ਨੂੰ ਰੱਬ ਨੇ ਖੁਸ਼ੀ ਦੀ ਕਿਰਨ ਦਿਖਾਈ ਵੀ ਪਰ ਤਿੰਨ ਮਹੀਨੇ ਬਾਅਦ ਗਰਭਪਾਤ ਹੋ ਜਾਣ ਤੇ ਉਹ ਉਦਾਸ ਜਿਹੀ ਹੋ ਗਈ ਸੀ।ਉਹ ਹਸਪਤਾਲ ਵਿੱਚ ਪਈ ਸੋਚਦੀ ਹੈ ਕਿ ਜੇ ਉਹ ਵੀ ਸਮੇਂ ਸਿਰ ਵਿਆਹ ਕਰਵਾ ਲੈਂਦੀ ਤਾਂ ਹੁਣ ਤੱਕ ਉਸ ਦੇ ਬੱਚੇ ਵੀ ਅਠਾਰਾਂ ਉੱਨੀਆਂ ਵਰ੍ਹਿਆਂ ਦੇ ਹੋਣੇ ਸਨ ਪਰ ਫਿਰ ਉਹ ਆਪਣੇ ਮਨ ਵਿੱਚ ਆਸ ਦੀ ਕਿਰਨ ਪੈਦਾ ਕਰਦੀ ਹੋਈ ਸੋਚਦੀ ਹੈ, "ਰੱਬਾ! ਸਾਰੀ ਉਮਰ .ਫ਼ਰਜ਼ਾਂ ਦੀ ਪੰਡ ਹੇਠ ਦੱਬੇ ਹੋਏ ਮੇਰੇ ਅਰਮਾਨਾਂ ਨੂੰ ਜਿਵੇਂ ਤੂੰ ਹੁਣ ਉਡਾਰੀ ਮਾਰਨ ਲਈ ਖੰਭ ਲਾ ਦਿੱਤੇ ਹਨ, ਇੱਕ ਦਿਨ ਜ਼ਰੂਰ ਆਵੇਗਾ ਕਿ ਮੈਨੂੰ "ਮਾਂ" ਆਖਣ ਵਾ.ਲਾ ਮੇਰੀ ਸੋਚ ਨੂੰ ਖੰਭ ਲਾ ਕੇ ਅੰਬਰੀਂ ਉਡਾਰੀਆਂ ਮਰਵਾਏਗਾ...ਤੇ ਹੁਣ ਫਿਰ ਤੋਂ ਮੈਂ ਨੰਨ੍ਹੀ ਜਿਹੀ ਫਰਜ਼ਾਂ ਦੀ ਪੰਡ ਉਠਾਵਾਂਗੀ...।" ਉਹ ਆਸ ਦੀ ਇੱਕ ਮੱਧਮ ਪਰ ਮਿੱਠੀ ਜਿਹੀ ਮੁਸਕਰਾਹਟ ਬੁੱਲ੍ਹਾਂ ਤੇ ਲਿਆਉਂਦੀ ਹੋਈ ਹੁਣ ਵਾਲੀ ਸਾਰੀ ਪੀੜ ਭੁੱਲ ਗਈ ਸੀ।

Now Open New Banquet Hall in Sacramento
For more info: Contact Paul : (916)334-6000




Arrested ?
DUI ?
Drug Charges ?
Gun Violation ?
Ghuman Law Group
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001


WE HAVE THE CHEAPEST FARES TO INDIA
LEGEND TRAVEL
arc accredited agency
CST # 207524-40
Special Fares To India From West-coast (us) On Air India Direct Flights
AIR INDIA
JATINDER SINGH
LOWEST AIRFARES FROM USA TO INDIA
★Travel Insurance ★ Great last Minute Deals ★ Offices in India
ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।
CALL US
(510) 797-9010
USA OFFICE: 2450 PERALTA BLVD., STE 106-108,
FREMONT CA 94536 PH.: 510-797-9010
Website: www.legendamerica.net
Emirates
CATHAY PACIFIC
ASIANA AIRLINES
JET AIRWAYS
CHINA AIRLINES
BRITISH AIRWAYS
SINGAPORE AIRLINES
Lufthansa
ANA

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600
With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-
With Installation
Singh: 510-766-9382

**Firestone FS591**

STEER TIRE
295/75R22.5
With Installation
Singh: 510-766-9382

SPECIAL OFFER !!



11R22.5
With Installation
Singh: 510-766-9382

**Sizes available in drive & trailer**
295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-
With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-
With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-
With Installation
Singh: 510-766-9382



FALKEN TIRES · GOODYEAR · KELLY TIRES · BARKLEY Feel the difference · PIRELLI
MICHELIN A better way forward · BRIDGESTONE · Firestone · YOKOHAMA
PEARLY · NAMA · TOYO TIRES driven to perform · Continental · DUNLOP TIRES

## S. Singh Cell: (510) 766-9382

2955 N. Wilson Way Stockton , CA 95205

# ਬੋਲੀਆਂ

ਰੱਬ ਉਨ੍ਹਾਂ ਦੇ ਮਨਾਂ ਵਿੱਚ ਵੱਸਦਾ,
ਖੌਰੇ ਲੋਕੀਂ ਮੰਦਰਾਂ ਚੋਂ ਕੀ ਭਾਲਦੇ?
ਆਪ ਮਾਇਆ ਬਿਨਾਂ ਪੈਰ ਨਾ ਪੁੱਟਦੇ,
ਸਾਨੂੰ ਬਾਬੇ ਕਹਿੰਦੇ ਮਾਇਆ ਨਾਗਣੀ।
ਲੋਕਾਂ ਨੂੰ ਆਪਸ ਵਿੱਚ ਲੜਾ ਕੇ,
ਆਪ ਨੇਤਾ ਕੱਠੇ ਹੋ ਕੇ ਮਜ਼ੇ ਲੁੱਟਦੇ।
ਪਾਣੀ ਪੀਣ ਨੂੰ ਵੀ ਲੱਭਣਾ ਨਹੀਂ,
ਜੇ ਨਾ ਬੰਦੇ ਨੇ ਅਕਲ ਵਰਤੀ।
ਹੁਣ ਬੰਦਾ ਠੰਢੀ ਛਾਂ ਭਾਲਦਾ ਫਿਰੇ,
ਚਾਰੇ, ਪਾਸੇ ਰੁੱਖਾਂ ਨੂੰ ਜੜ੍ਹੋਂ ਪੁੱਟ ਕੇ।
ਲੋਕੀਂ ਇਸ ਨੂੰ ਖਰੀਦਣ ਤੋਂ ਡਰਦੇ,
ਘਰੇਲੂ ਗੈਸ ਸਲੰਡਰ ਦਾ ਮੁੱਲ ਸੁਣ ਕੇ।
ਲੋਕਾਂ ਦੇ ਦਿਲਾਂ 'ਚ ਪਿਆਰ ਨਾ ਰਿਹਾ,
ਹੁਣ ਨਾਂ ਦੇ ਰਹਿ ਗਏ ਰਿਸ਼ਤੇ।



SANJHI SOCH
ਮਹਿੰਦਰ ਸਿੰਘ ਮਾਨ
ਸਲੋਹ ਰੋਡ, ਨਵਾਂ ਸ਼ਹਿਰ
99158-03554

# ਸਾਵਣ

ਸਾਵਣ ਦੀ ਰੁੱਤ ਆਈ ਹੈ,
ਚਹੁੰ ਪਾਸੇ ਹਰਿਆਲੀ ਛਾਈ ਹੈ।
ਘਣੇ ਕਾਲੇ ਬੱਦਲ ਛਾਏ ਨੇ,
ਮੋਰ ਤੇ ਪਪੀਹੇ ਗੀਤ ਸੁਣਾਏ ਨੇ।
ਸਾਵਣ ਵਿੱਚ ਭੋਲੇ ਬਾਬਾ ਆਉਂਦੇ ਨੇ,
ਸਾਰੇ ਮੰਦਰਾਂ ਦੀ ਸ਼ੋਭਾ ਵਧਾਉਂਦੇ ਨੇ।
ਸ਼ਿਵ ਭਗਤਾਂ ਦਾ ਉਮੜਿਆ ਮੇਲਾ ਹੈ,
ਕਾਂਵੜੀਆਂ ਦੀ ਟੋਲੀ "ਹਰ ਹਰ ਮਹਾਦੇਵ" ਦਾ ਜੈਕਾਰਾ ਲਾਉਂਦੀ ਹੈ।
ਗੰਗਾਜਲ ਨਾਲ ਸ਼ਿਵਲਿੰਗ ਦਾ ਅਭਿਸ਼ੇਕ ਕਰਦੀ ਹੈ।
"ਹਰ ਹਰ ਮਹਾਦੇਵ" ਦੀ ਗੂੰਜ ਹਰ ਦੁਆਰ ਸੁਣਾਈ ਦਿੰਦੀ ਹੈ।
ਭਗਤ ਦਰਸ਼ਨ ਕਰਨ ਆਉਂਦੇ ਨੇ,
ਭਗਤੀ ਵਿੱਚ ਲੀਨ ਹੋ ਜਾਂਦੇ ਨੇ।
ਬੇਲ ਪੱਤਰ, ਧਤੂਰਾ ਤੇ ਭਾਂਗ ਅਰਪਣ ਕਰਦੇ,
ਆਪਣੀਆਂ ਮਨਚਾਹੀਆਂ ਮੁਰਾਦਾਂ ਪੂਰੀਆਂ ਕਰਦੇ।
ਸਾਵਣ ਵਿੱਚ ਆਉਂਦਾ ਹੈ ਤੀਜ ਦਾ ਤਿਉਹਾਰ,
ਸ਼ਿਵ-ਪਾਰਵਤੀ ਦੇ ਮਿਲਾਪ ਦੀ ਦਿਵਾਉਂਦਾ ਯਾਦ।
ਸਹੇਲੀਆਂ ਕਰਦੀਆਂ ਸੋਲ੍ਹਾਂ ਸ਼ਿੰਗਾਰ,
ਸ਼ਿਵ-ਪਾਰਵਤੀ ਦੀ ਪੂਜਾ ਕਰਕੇ,
ਸਦਾ ਸੁਹਾਗਣ ਰਹਿਣ ਦਾ ਵਰ ਮੰਗਦੀਆਂ ਹਨ।
ਸਾਵਣ ਵਿੱਚ ਹੀ ਆਉਂਦਾ ਰੱਖੜੀ ਦਾ ਤਿਉਹਾਰ,
ਭੈਣ-ਭਰਾ ਇਕ ਦੂਜੇ ਉੱਤੇ ਪਿਆਰ ਲੁਟਾਉਂਦੇ ਬੇਸ਼ੁਮਾਰ।
ਭਰਾ ਭੈਣ ਦੀ ਰੱਖਿਆ ਦਾ ਵਚਨ ਨਿਭਾਉਂਦਾ ਹੈ,
ਭੈਣ ਪ੍ਰਭੂ ਅੱਗੇ ਉਸ ਦੀ ਸਫਲਤਾ ਤੇ ਲੰਬੀ ਉਮਰ ਦੀ ਅਰਦਾਸ ਕਰਦੀ ਹੈ।
ਸਾਵਣ ਦਾ ਮਹੀਨਾ ਸਭ ਮਹੀਨਿਆਂ ਤੋਂ ਨਿਆਰਾ,
ਇਸ ਵਰਗਾ ਨਹੀਂ ਕੋਈ ਦੂਜਾ।

SANJHI SOCH
ਲਕਸ਼ਮੀ ਕਨੋਡੀਆ ਅਨਿਕਾ
ਅਨੁਪਮ ਐਨਕਲੇਵ, ਖੁਰਜਾ
(ਬੁਲੰਦਸ਼ਹਿਰ) ਉੱਤਰ ਪ੍ਰਦੇਸ਼
9258441297



LARRY T. NIERMEYER
Attorney at Law
OFFERING SERVICES IN THE FOLLOWING AREAS



1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com

GHUMAN
LAW GROUP INC.

# Ghuman Law Group

## ਤੁਹਾਡੇ ਲਈ ਲੈ ਕੇ ਆਏ ਨੇ
## AMERICA ਵਿੱਚ
## BUSINESS ਕਰਨ ਦਾ ਸੁਨਿਹਰੀ ਮੌਕਾ !

ਜੇਕਰ ਤੁਸੀਂ Canada, England, Australia,
New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**
ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ






**GHUMAN LAW GROUP**
**ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ**



**ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ**

**ਪਰਿਵਾਰ ਸਮੇਤ 🇺🇸 ਆਉਣ ਦਾ ਵਧੀਆ ਮੌਕਾ**



- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ

**ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ**

MON - FRI, 9:00 AM - 3:00 PM

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA

Gillson TRUCKING INC

# NOW HIRING

## TRUCK DRIVERS CLASS A CDL



- ✓ Signing Bonus
- ✓ Top pay
- ✓ Mileage Pay
- ✓ Great Benefits
- ✓ Over the Road or Local Routes
- ✓ Reefers and Dry Van Operations
- ✓ No touch freight



### SKILLS

- ✓ Responsible truck driver.
- ✓ Experience with electronic equipment.
- ✓ Ability to travel regularly.
- ✓ Adaptivity and foresight to handle unexpected situations (traffic, weather conditions and roads, etc.)

### RESPONSIBILITIES

- ✓ Safely operating assigned vehicles.
- ✓ The Vehicles are maintained and serviced as needed.
- ✓ Report any vehicle defects for repair.
- ✓ Make safety a priority at all times.
- ✓ Comply with standard federal laws and with company. policies and procedures.

### PAY

- ✓ Average pay: $0.45-$0.60 cents/mile
- ✓ Weekly direct deposits
- ✓ Bonuses for clean inspections
- ✓ High mileage bonuses

### NEWER EQUIPMENT

Freightliner and Volvo 2020 and present
Reset pay away from Terminals– Stockton,. CA and Dayton, Ohio

Flexible Home Time | Pet Friendly | Rider Policy

SCAN QR CODE FOR APPLY NOW

HEALTH BENEFITS: Health | Dental | Vision

1801 E Dr. Martin Luther King Jr. Blvd.
Stockton, CA 95205

925-400-9094 ext. 116, ext. 130 and ext. 144

info@teamgillson.com



GET IN TOUCH gillsontrucking company/gillsontrucking www.teamgillson.com

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



Office Ph.(916) 427-4321

6624 FLORIN ROAD, SACRAMENTO CA, 95828

FAX: 916)258-0441, Cell: (916)308-7997

Email: sacramento99@yahoo.com Website: www.capitalservices.us



Capital DRUG TESTING

# CAPITAL DRUG TESTING

## Drug and Alcohol Test

## DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.

Lab. Ph:(916) 680-9293

6624 Florin Road
Sacramento CA, 95828

Email: capitaldrugtest@gmail.com
Website: www.capitaldrugtest.com




SERVPRO®
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702